Bilingual English & Punjabi ◆ Bi-Weekly

Punjabi Patrika
ਪੰਜਾਬੀ ਪੱਤ੍ਰਿਕਾ

FREE COPY
Dec 29 - Jan 11, 00
Vol. 4
No. 7

1481 Tracey Rd, Abbotsford, B.C. V2T 6G4 TOLL FREE: 1-877-844-1313
Tel: 852-2288 Fax:852-1878 Email: PUNJABIPATRIKA@TELUS.NET

GLADWIN PHARMACY

"Your Prescription and Healthcare Centre"

Pharmacist
Amrik S. Ghag
Kulvinder K. Rana

We would be happy to assist you with any of your healthcare needs

See our Capsule Comments on Page 6

Located at Gladwin Centre
(corner of Gladwin & Dahlstrom)
850-2494

HEY YOU!

For Premium Ad Space
CALL NOW! 852-2288

Punjabi Patrika Business Directory

2020

Happy New Year!

from the staff of Punjabi Patrika

ਪੰਜਾਬੀ ਪੱਤ੍ਰਿਕਾ ਵਲੋਂ ਆਪ ਸਭ ਨੂੰ ਨਵੇਂ ਸਾਲ ਅਤੇ ਗੁਰਪੁਰਬ ਦੀ ਲੱਖ ਲੱਖ ਵਧਾਈ

B.C.S. Canadian Immigration Consultants

Do You Need Assistance with Canadian Immigration Issues?

Please See our Advertisement for more Details on Page 32

ਟਰਾਂਸਵਰਲਡ ਟਰੈਵਲ
Transworld Travel

SPECIAL FARES
INDIA, ENGLAND
USA & CANADA

For The Best Rates in Town Contact
102-2580 Cedar Park Pl, Abbotsford BC
Vancouver: (604) 607-6600
Abbotsford: 852-2204
Fax: (604) 853-2223

• Life Insurance
• Disability Income
• Dental & Extended Health
• RRSP's & RESP's*
• Mutual Funds*

(604) 854-6959



Gurbachan Aujla | Satinder Atwal | Ranjit Grewal | Bayant Dhindsa | Rock Hutsul BA CFP CLU CHFC | Jas Oberoi | Satpal Singh

CLARICA

2692 Clearbrook Road, Suite 201, Abbotsford, BC

Happy New Year!
ਨਵੇਂ ਸਾਲ ਦੀ ਵਧਾਈ

GOVERNMENT CERTIFIED SERVICE
APPLIANCE REPAIR

AAC ABBOTSFORD APPLIANCE CENTER
ਗਵਰਮੈਂਟ ਸਰਟੀਫਾਈਡ ਸਰਵਿਸ
ਫਰਿਜ਼, ਸਟੋਵ, ਵਾਸ਼ਰ, ਡਰਾਇਰ ਦੀ ਮੁਰੰਮਤ

SAME DAY SERVICE
ਸੇਮ ਡੇ ਸਰਵਿਸ
857-0785

IN HOME SERVICE
FOR ALL MAKES OF
RANGES WASHERS • DRYERS
REFRIGERATORS • DISHWASHERS
• HOT WATER TANK INSTALLATIONS
• DISHWATER INSTALLATIONS
• MICROWAVE REPAIRS IN SHOP

One Call Does it All!!
ਫੋਨ ਦੇ ਇਕੋ ਸੁਨੇਹੇ ਨਾਲ ਸਭ ਕੁੱਝ ਹੋ ਜਾਂਦਾ ਹੈ

ਸਭ ਪ੍ਰਕਾਰ ਦੇ ਔਜ਼ਾਰਾਂ ਦੀ ਘਰ ਜਾ ਕੇ ਮੁਰੰਮਤ ਕਰਦੇ ਹਾਂ
•ਵਾਸ਼ਰਜ, ਡਰਾਇਰਜ਼
•ਫਰਿਜ਼ਾਂ ਅਤੇ ਡਿਸ਼ਵਾਸ਼ਰਜ਼
•ਗਰਮ ਪਾਣੀ ਦੇ ਟੈਂਕ ਫਿਟ ਕਰਨੇ
•ਡਿਸ਼ਵਾਸ਼ਰ ਫਿਟ ਕਰਨੀਆਂ
•ਮਾਈਕਰੋਵੇਵ ਦੀ ਮੁਰੰਮਤ (ਦੁਕਾਨ ਵਿੱਚ)
ON PARTS
ਕੈਨੀਂਗ ਕਰਨ ਵਾਸਤੇ ਭਾਰੇ ਤਵੇ ਖਰੀਦਣ ਲਈ ਮਿਲੋ ਜਾਂ ਫੋਨ ਕਰੋ

SALES
SERVICE
PARTS

We do Car Air Conditioning Repairs.
ਅਸੀਂ ਏਅਰ-ਕੰਡੀਸ਼ਨ ਦੀ ਸਾਰੀ ਮੁਰੰਮਤ ਕਰਦੇ ਹਾਂ

ROBERTSON DOWNE & MULLALLY
LAWYERS

Parmjit Virk

ROBERTSON DOWNE & MULLALLY
33695 S.Fraser Way
Abbotsford,
B.C. V2S 2C1
Tel: (604) 853-0774 Fax: 852-3829
VANCOUVER TOLL FREE: 856-3627
CHILLIWACK: (604) 793-7075
MAPLE RIDGE: (604) 463-4386

ਰਾਬਰਟਸਨ, ਡੋਨ ਅਤੇ ਮੁਲੈਲੀ ਵਲੋਂ ਪ੍ਰਸੰਨਤਾ ਸਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਦਸੰਬਰ 13, 1999 ਤੋਂ ਪਰਮਜੀਤ ਸਿੰਘ ਵਿਰਕ (ਪਰਮ) ਨੂੰ ਇਸ ਫਰਮ ਵਲੋਂ ਸਹਿਯੋਗੀ ਵਜੋਂ ਨਿਯੁਕਤ ਕੀਤਾ ਗਿਆ ਹੈ। ਪਰਮ ਨੇ ਯੂਨੀਵਰਸਿਟੀ ਕਾਲਜ ਕਾਰਡਿੱਫ, ਵੇਲਜ਼ ਤੋਂ 1986 ਵਿੱਚ ਵਕਾਲਤ ਪਾਸ ਕੀਤੀ। 1991 ਵਿੱਚ ਕੈਨੇਡਾ ਆਉਣ ਤੋਂ ਪਹਿਲਾਂ ਉਨਾਂ ਨੇ ਬਰਮਿੰਘਮ, ਇੰਗਲੈਂਡ ਵਿੱਖੇ ਕੁਝ ਚਿਰ ਵਕੀਲ ਦੇ ਤੌਰ ਤੇ ਕੰਮ ਕੀਤਾ। ਪਰਮ ਬੜੀ ਰਵਾਨੀ ਨਾਲ ਪੰਜਾਬੀ ਬੋਲ ਸਕਦੇ ਹਨ ਅਤੇ ਉਹ ਮੁੱਖ ਤੌਰ ਤੇ ਸਿਵਲ (ਦੀਵਾਨੀ) ਮੁੱਕਦਮੇ ਅਤੇ ਆਈ.ਸੀ.ਬੀ.ਸੀ ਦੇ ਮਸਲੇ ਡੀਲ ਕਰਨਗੇ। ਪਰ ਉਹ ਇਮੀਗ੍ਰੇਸ਼ਨ, ਵਸੀਅਤਨਾਮਾ, ਇੰਤਕਾਲਨਵੀਸੀ ਅਤੇ ਫੌਜਦਾਰੀ ਮਾਮਲਿਆਂ ਨੂੰ ਵੀ ਡੀਲ ਕਰਦੇ ਹਨ। ਪਰਮ ਆਪਣੇ ਤਜ਼ਰਬੇ ਸਦਕਾ ਫ੍ਰੇਜ਼ਰ ਵੈਲੀ ਦੇ ਸਾਰੇ ਲੋਕਾਂ ਦੀ ਕਾਨੂੰਨੀ ਸੇਵਾ ਦੀ ਜ਼ੁਮੇਵਾਰੀ ਨਿਭਾਉਣ ਲਈ ਪੂਰੀ ਤਰ੍ਹਾਂ ਲੈਸ ਹਨ। ਪਰਮ ਸੌਕਰ, ਕ੍ਰਿਕਟ ਅਤੇ ਬੈਡਮਿੰਟਨ ਵਿੱਚ ਡੂੰਘੀ ਦਿਲਚਸਪੀ ਰਖਦੇ

Parmjit Virk

ROBERTSON DOWNE & MULLALLY
33695 S.Fraser Way
Abbotsford,
B.C. V2S 2C1
Tel: (604) 853-0774 Fax: 852-3829
VANCOUVER TOLL FREE: 856-3627
CHILLIWACK: (604) 793-7075
MAPLE RIDGE: (604) 463-4386

A.T. AUTO REPAIR

ਏ. ਟੀ ਆਟੋ ਰਿਪੇਅਰ ਦੀ ਮੈਨਜਮੈਂਟ ਅਤੇ ਸਟਾਫ ਵਲੋਂ ਨਵੇਂ ਸਾਲ ਅਤੇ ਦਸ਼ਮੇਸ਼ ਪਿਤਾ ਦੇ ਜਨਮ ਉਤਸਵ ਦੀ ਮਿਤਰਾਂ ਅਤੇ ਗਾਹਕਾਂ ਨੂੰ ਲੱਖ ਲੱਖ ਵਧਾਈ ਹੋਵੇ।

Sat Sharma

• TUNE UP • BRAKES • EXHAUST • FRONT END WORK
• ENGINE REPAIRS • CLUTCHES • WATER PUMPS • TRANY SERVICE
• U-JOINTS • ENGINE REPAIRS • FRONT AXLE SHAFTS etc. etc.

FOR ALL YOUR AUTOMOTIVE NEEDS ONE STOP REPAIR SHOP

ਆਪ ਦੀ ਕਾਰ ਜਾਂ ਪਿੱਕਅੱਪ ਦੀ ਹਰੇਕ ਤਰ੍ਹਾਂ ਦੀ ਮਕੈਨੀਕਲ ਸਮੱਸਿਆ ਦਾ ਹੱਲ ਤਸੱਲੀਬਖਸ਼ ਕੰਮ ਰਾਹੀਂ ਕੀਤਾ ਜਾਂਦਾ ਹੈ!

(604) 852-6276



ਏ.ਟੀ. ਆਟੋ ਰਿਪੇਅਰ

#507-30950 Wheel Ave., Abbotsford, B.C.

ABBOTSFORD
TUNE-UP CENTRE
859-6005

Happy New Year!

AirCare Repair Centre

ਆਇਲ ਚੇਂਜ ਸਿਰਫ $19.99 +ਟੈਕਸ

ਰੇਡੀਏਟਰ ਕੂਲੈਂਟ ਫਲਸ਼ $49.99 +ਟੈਕਸ

ਕਰਮਜੀਤ
ਏਅਰ ਕੇਅਰ ਸਰਟੀਫਾਇਡ ਤਕਨੀਸ਼ਨ/ਓਨਰ

- ਬਰੇਕਾਂ
- ਐਗਜ਼ਾਸਟ
- ਟਿਊਨ-ਅੱਪ
- ਇੰਜਨ ਵਰਕ
- ਟਰਾਂਸਮਿਸ਼ਨ
- ਇਲੈਕਟਰੀਕਲਜ਼
- ਏਅਰ ਕੇਅਰ ਰਿਪੇਅਰ
- ਕੰਪਿਊਟਰ ਰਾਂਹੀ ਚੈਕਅੱਪ

ਰਿਪੇਅਰ ਪੂਰੀ ਤਸੱਲੀਬਖਸ਼ ਕੀਤੀ ਜਾਂਦੀ ਹੈ।
ਕੀਤੇ ਕੰਮ ਦੀ ਪੂਰੀ ਪੂਰੀ ਗਰੰਟੀ ਕੀਤੀ ਜਾਂਦੀ ਹੈ।
ਹਫਤੇ ਦੇ ਸੱਤੇ ਦਿਨ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਖੁਲ੍ਹੇ ਰਹਿੰਦੇ ਹਾਂ।

ਐਬਟਸਫੋਰਡ ਟਿਊਨ-ਅੱਪ ਸੈਂਟਰ
Unit# 4 - 3275 McCallum Road Abbotsford, B.C. V2S 3M7
(Across from Air Care)

Malaysia Air Cancels 18 Y2K Flights

Malaysia Airlines will cancel an additional 18 international flights that straddle the millennium due to low bookings.

The cancellations will affect return flights from Amsterdam, Rome, Cairo, Perth, Beirut, Los Angles, Cape Town, Shanghai and Nagoya between Dec.30 1999 and Jan.1, 2000.

Malaysian Airlines, the national carrier of Malaysia, had announced earlier this month that it was forced to cancel 74 international and domestic flights due to lower demand for seats as well as the need to comply with international aviation codes for the rollover to 2000.

The latest changes raised the number of cancellations to 32. Malaysia Airlines, which reported full readiness to tackle the Y2K computer glitch in September, said the number of flight cancellations represents only a small fraction of the total scheduled flights it plans to operate around the rollover to the new millennium.

There is no doubt that there will be a whole bunch of airlines that will face a similar situation but at the same time the fact that they all say that they are Y2K ready is in their favour. However it is the passenger who will ultimately decide as to the favourability to travel.

For All Your Advertising Needs Call
Punjabi Patrika 852-2288

ACCURATE AUTO BODY & PAINT LTD.
ਐਕੁਰੇਟ ਆਟੋ ਬਾਡੀ ਤੇ ਪੇਂਟ ਲਿਮਿ.

Happy New Year! *ਨਵੇਂ ਸਾਲ ਦੀ ਵਧਾਈ*

ਵਾਜਿਬ ਰੇਟ ਅਤੇ ਤਸੱਲੀਬਖਸ਼ ਕੰਮ ਲਈ ਫੋਨ ਕਰੋ:
ਪ੍ਰਿਥੀਪਾਲ ਸਿੰਘ ਖੰਗੂੜਾ
ਜਾਂ
ਭੁਪਿੰਦਰ ਸਿੰਘ ਢਿਲੋਂ

- ਪ੍ਰਾਈਵੇਟ ਅਤੇ I.C.B.C. ਕਲੇਮ
- ਫਰੀ ਪਿੰਨ ਸਟ੍ਰਾਈਪ ਤੇ ਗਰੈਵਲ ਗਾਰਡ
- ਫਰੀ ਪਿੱਕਅੱਪ ਤੇ ਡਲਿਵਰੀ ਸਰਵਿਸ
- ਉਤੱਮ ਕੁਆਲਿਟੀ ਬਾਡੀਵਰਕ ਤੇ ਪੇਂਟ
- ਕਾਰਾਂ ਦੇ ਸ਼ੀਸ਼ਿਆਂ ਦੀ ਅਦਲਾ ਬਦਲੀ

"We will beat any written estimate."

UNIT #5 - 31088 PEARDONVILLE ROAD, ABBOTSFORD, B.C.
PHONE: 850-5001

ਐਬਟਸਫੋਰਡ ਨਿਵਾਸੀਆਂ ਲਈ ਖੁਸ਼ਖਬਰੀ!
Dr. Robin Kaur Srikureja (Chiropractor)
ਡਾ. ਰੌਬਿਨ ਕੌਰ ਸ਼੍ਰੀਕੁਰੇਜਾ

- ਗੋਡਿਆਂ ਦਾ ਦਰਦ / Pain in the knees
- ਮੋਢਿਆਂ ਦਾ ਦਰਦ / Pain in the Shoulders
- ਗਰਦਨ ਦਾ ਦਰਦ / Pain in the neck
- ਪਿੱਠ ਦਾ ਦਰਦ / Backache
- ਸਿਰ ਪਿੜ / Headache

ਗੁਰਦੁਆਰੇ ਤੋਂ ਸਿਰਫ ਪੰਜ ਮਿੰਟ ਦਾ ਰਸਤਾ ਹੀ ਹੈ। (ਹਸਪਤਾਲ ਦੇ ਨੇੜੇ)
ਅਸੀਂ ਪੰਜਾਬੀ ਬੋਲਦੇ ਹਾਂ
ਅਪਾਇੰਟਮੈਂਟ ਬਣਾਉਣ ਲਈ ਅੱਜ ਹੀ ਫੋਨ ਕਰੋ।
Ph. (604) 853-4441
Suite # 102-2306 McCallum Rd. Abbotsford, B.C. V2S3P4

ਪ੍ਰਾਈਵੇਟ ਟਿਊਸ਼ਨ/Private Tuition

A highly experienced M.A, MPhil, teacher available for tutoring in
(a) English grammar & literature, general english, ESL, TOEFL, TOEIC and ELA.
(b) Punjabi
(c) Hindi and
(d) Maths

For more information call 855-4438

ਅੰਗ੍ਰੇਜ਼ੀ, ਪੰਜਾਬੀ, ਹਿੰਦੀ, ਮੈਥ 'ਚ ਟਿਊਸ਼ਨ ਲਈ ਸੰਪਰਕ ਕਰੋ।
855-4438

PUNJABI PATRIKA
1481 Tracey Street
Abbotsford, B.C. • V2T 6G4
Telephone: 852-2288

Editorial

Christmas was here and everybody whether he be a Christian or not was in a festive mood. The stores around the world were doing roaring business and yes, people were once again spending money care freely. Except for the cautious approach to the millennium there was a certain amount of happiness in the air. Then it happened. We had some terrorists trying to cross over into the States with loads of dynamite and other weapons. We had the hijackers of the Indian Airlines plane holding passengers hostage whilst making their demands for the release of the leaders from Indian jails. Some passengers were killed and others are still held up in the plane fearing their lives and are at the mercy of terrorists. Once again the finger is being pointed at security at airports. The voice will be heard far and near that we should be stricter with airport security.

Here in Canada, (which incidentally is fast becoming a haven for terrorists all over) there is no doubt that our immigration laws have to be tightened. Our neighbours across to the south have every reason to fear acts of terrorism and have thus increased border security. True this has caused long delays at border crossings and with tighter security at airports passengers are becoming rather weary of lax regulations at borders.

We have been told that over half of the refugees who should have been deported in the past six years are still in Canada. Most of them have been involved in terrorist acts at some time or other and now they are here in Canada. Canada should not only tighten its laws concerning refugees but also make sure that deportees leave.

It is refreshing to read that our next year is going to be one where we will be able to make some money for ourselves, so say some of the pundits who are predicting a better start of the millennium. Taxes should be reduced and more spending for education, health care and job creation should be the priorities of our New Year.

Another act of cowardice took place on the constituency office of our Attorney General Mr. Ujjal Dosanjh in Vancouver. An unknown passerby firebombed the premises thus causing all to speculate as to why this attack? The NDP leadership race is on and Mr. Dosanjh is the frontrunner no doubt. Could this be a message for him or is it just a sick prank? The police are investigating and as of now have not been able to find a motive or apprehend the culprit.

WE AT PUNJABI PATRIKA WISH TO TAKE THIS OPPORTUNITY TO THANK AND WISH ALL OUR ADVERTISERS, READERS, CONTRIBUTORS, AND FRIENDS A VERY HAPPY AND PROSPEROUS YEAR 2000.

TD
A Very Happy New Year and Gurpurb Greetings to Everyone!!
ਆਪ ਨੂੰ ਅਤੇ ਆਪ ਦੇ ਪ੍ਰੀਵਾਰ ਨੂੰ
ਨਵਾਂ ਸਾਲ ਅਤੇ ਗੁਰਪੁਰਬ
ਮੁਬਾਰਕ!!

Your Mortgage Specialists
870-2200
32817 South Fraser Way @ Gladwin
Abbotsford, B.C.
TD

KALER CARPET & UPHOLSTERY CLEANING
• Expert Carpet & Upholstery • ਕਾਰਪੇਟ ਅਤੇ ਅਪਹੋਲਸਟਰੀ
• Car & Van Cleaning • ਕਾਰ ਅਤੇ ਵੈਨ
• Mattress Cleaning • ਮੈਟਰਸ
• Stain & Spot Removal • ਸਟੇਨ ਅਤੇ ਸਪੌਟ ਰਿਮੂਵਲ
• Furnace Duct Cleaning • ਫਰਨਸ ਕਲੀਨਿੰਗ
• Emergency Flood Service • ਐਮਰਜੰਸੀ ਫਲੱਡ ਸਰਵਿਸ
• Latest Machine • ਨਵੀਆਂ ਮਸ਼ੀਨਾਂ
• Monthly Contract • ਮਹੀਨੇ ਦਾ ਕੰਨਟ੍ਰੈਕਟ
• Special Commercial Rate • ਸਪੈਸ਼ਲ ਕਮਰਸ਼ਿਅਲ ਰੇਟ
• After Hour Cleaning • ਆਫਟਰ ਆਵਰ ਕਲਿਨਿੰਗ
• Scotchgard Carpet Protection • ਸਕਾਚਗਾਰਡ ਕਾਰਪੇਟ ਪ੍ਰੋਟੈਕਸ਼ਨ
• High Powered fast drying (Dry carpets within 2 hours) • ਹਾਏ ਪਾਵਰ ਫਾਸਟ ਡ੍ਰਾਇੰਗ (ਸਿਰਫ 2 ਘੰਟੇ ਵਿੱਚ ਕਾਰਪੇਟ ਸੁਕ ਜਾਵੇ)
EXCELLENT SERVICE THROUGHOUT THE LOWER MAINLAND
ਆਪ ਨੂੰ ਅਤੇ ਆਪ ਦੇ ਪ੍ਰੀਵਾਰ ਨੂੰ ਨਵਾਂ ਸਾਲ ਤੇ ਗੁਰਪੁਰਬ ਮੁਬਾਰਕ!!
GURPURB GREETINGS AND HAPPY NEW YEAR TO ALL!
1990 CATALINA CRESCENT ABBOTSFORD, B.C
FOR MORE INFORMATION
CALL GURDIP KALER
859-8123

For All Your Advertising Needs Call
Punjabi Patrika 852-2288

ਦਸ਼ਮੇਸ਼ ਫੂਡਜ਼ ਲਿਮਿਟੇਡ
2638 ਸੀਡਰ ਪਾਰਕ ਪੈਲੇਸ, ਪੰਜਾਬੀ ਬਜ਼ਾਰ, ਐਬਟਸਫੋਰਡ (ਲੱਕੀ ਵੀਡਿਓ ਦੇ ਨਾਲ)
ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਵਸ ਦੀ
ਅਤੇ ਨਵੇਂ ਸਾਲ ਦੀ ਸਮੂਹ ਸਿੱਖ ਜਗਤ ਨੂੰ ਲੱਖ ਲੱਖ ਵਧਾਈ ਹੋਵੇ!!
ਨਵਾਬ ਚਾਹ Nabob Tea $3.99 120 ਪੁੜੀਆਂ ਦਾ ਡੱਬਾ
ਸੂਰਜ ਆਟਾ Suraj Flour $5.99 20 lb
ਸਾਰੇ ਭੁਜੀਏ Namkeen $2.99 lb

GREETINGS TO ALL ON OUR TENTH MASTER'S BIRTHDAY CELEBRATIONS!
ਹਰ ਰੋਜ਼ ਹਰੀਆਂ, ਤਾਜ਼ੀਆਂ, ਸਸਤੀਆਂ ਸਬਜ਼ੀਆਂ ਲਈ ਆਪਣੇ ਦਸ਼ਮੇਸ਼ ਫੂਡ ਸਟੋਰ ਤੇ ਆਓ।
ਪ੍ਰੋਪੇਨ ਵਾਲੇ ਚੁੱਲੇ ਸਪੈਸ਼ਲ ਸੇਲ ਤੇ ਹਨ। ਅੱਜ ਹੀ ਪਹੁੰਚੋ ਅਤੇ ਘੱਟ ਘੱਟ ਕੀਮਤਾਂ ਦਾ ਫਾਇਦਾ ਉਠਾਓ।
DASMESH FOODS LTD. 852-9690

ਅਨੀਂਦਰਾ-ਰੋਗ (Insomnia)

ਨਿਰਮਲ ਸਿੰਘ 'ਮਹਿਣਾ', ਐਬਟਸਫੋਰਡ ਬੀ.ਸੀ.

ਅਸੀਂ ਸੌਂਦੇ ਕਿਉਂ ਹਾਂ? ਜਾਗਦਿਆਂ ਰਹਿਕੇ ਜੀਵਨ ਦੀ ਸੰਭਾਲ ਕਰਦਿਆਂ ਅਤੇ ਕੰਮ ਕਾਰ ਕਰਦਿਆਂ ਜੋ ਸ਼ਕਤੀ ਖਰਚ ਹੁੰਦੀ ਹੈ ਉਸ ਨੂੰ ਮੁੜ ਪ੍ਰਾਪਤ ਕਰਨ ਲਈ ਅਸੀਂ ਨੀਂਦ ਲੈਂਦੇ ਹਾਂ। ਸਰੀਰ ਦੇ ਪੱਠਿਆਂ ਅਤੇ ਤੰਤੂਆਂ ਦੇ ਸੈਲੋਂ ਜਦੋਂ ਥੱਕ ਜਾਂਦੇ ਹਨ ਉਦੋਂ ਉਹਨਾਂ ਵਿਚੋਂ ਇਕ ਪ੍ਰਕਾਰ ਦਾ ਟੌਕਸਿਨ (Toxin)ਨਾਮੀ ਜ਼ਹਿਰੀਲਾ ਮਾਦਾ ਰਿਸ ਕੇ ਖੂਨ ਵਿਚ ਰਲਣਾ ਸ਼ੁਰੂ ਹੋ ਜਾਂਦਾ ਹੈ ਜਦੋਂ ਇਸ ਜ਼ਹਿਰੀਲੇ ਅੰਸ਼ ਦੀ ਮਾਤਰਾ ਖੂਨ ਵਿਚ ਵੱਧ ਜਾਂਦੀ ਹੈ ਤਾਂ ਸਰੀਰ ਦੇ ਪੱਠੇ ਅਤੇ ਅੰਗ ਢਿੱਲੇ ਪੈ ਜਾਂਦੇ ਹਨ। ਸਰੀਰ ਨੂੰ ਆਲਸ ਜਾਂ ਸੁਸਤੀ ਅਨੁਭਵ ਹੋਣ ਲਗਦੀ ਹੈ। ਇਸ ਸਮੇਂ ਇਹਨਾਂ ਪੱਠਿਆਂ ਅਤੇ ਅੰਗਾਂ ਨੂੰ ਮੁੜ ਤਾਜ਼ਾ ਹੋਣ ਲਈ ਆਕਸੀਜਨ ਅਤੇ ਆਰਾਮ ਦੀ ਲੋੜ ਹੁੰਦੀ ਹੈ ਤਾਕਿ ਲਹੂ ਵਿਚੋਂ ਕਾਰਬ੍ਰਨ ਡਾਇਔਕਸਾਈਡ ਅਤੇ ਜ਼ਹਿਰੀਲਾ ਮਾਦਾ ਖਾਰਜ ਹੋ ਜਾਵੇ ਅਤੇ ਸਰੀਰ ਮੁੜ ਕੰਮ ਕਰਨ ਲਈ ਤਤਪਰ ਹੋ ਸਕੇ। ਇਸ ਸਿਧਾਂਤ ਨੂੰ ਸਿਹਤ-ਵਿਗਿਆਨੀ ਰਸਾਇਣਕ ਸਿਧਾਂਤ ਦਾ ਨਾਮ ਦਿੰਦੇ ਹਨ।

ਇਕ ਹੋਰ ਸਿਧਾਂਤ ਅਨੁਸਾਰ ਦਿਮਾਗ ਦੇ ਇੱਕ Hypothalmus ਨਾਮੀ ਭਾਗ ਵਿਚ ਸੌਣ ਅਤੇ ਜਾਗਣ ਦੇ ਕੇਂਦਰ ਹਨ। ਪਰਯੋਗਾਂ ਰਾਹੀਂ ਸਿੱਧ ਹੋਇਆ ਹੈ ਕਿ ਜਦੋਂ ਤੰਤੂਆਂ ਦੇ ਥੱਕ ਜਾਣ ਨਾਲ ਦਿਮਾਗ ਦੇ ਇਕ ਹਿੱਸੇ ਤੇ ਦਬਾਅ ਪੈਦਾ ਹੈ ਤਾਂ ਨੀਂਦ ਆਉਣ ਲਗਦੀ ਹੈ। ਇਸ ਸਿਧਾਂਤ ਅਨੁਸਾਰ ਨੀਂਦ ਸਮੇਂ ਭਾਵੇਂ ਸਰੀਰ ਪੂਰਨ ਆਰਾਮ ਵਿਚ ਹੁੰਦਾ ਹੈ ਪਰ ਦਿਮਾਗ ਕੰਮ ਕਰਦਾ ਰਹਿੰਦਾ ਹੈ। ਨੀਂਦਰ ਅਵਸਥਾ ਵਿਚ ਵਿਅੱਕਤੀ ਦਿਮਾਗ ਦੀ ਇਸ ਕਿਰਿਆ ਰਾਹੀਂ ਸੁਪਨੇ ਵੇਖਦਾ ਹੈ। ਦਿਮਾਗ ਦੇ ਇਸ ਕੇਂਦਰ ਵਿਚ ਪਰਵਰਤਣ ਹੋਣ ਨਾਲ ਨੀਂਦ ਅਤੇ ਜਾਗ ਆਉਂਦੀ ਹੈ।

ਭਾਈ ਕਾਹਨ ਸਿੰਘ ਜੀ ਨਾਭਾ ਆਪਣੇ ਮਹਾਨ ਕੋਸ਼ ਵਿਚ ਨੀਂਦ ਦੀ ਪਰਿਭਾਸ਼ਾ ਇਉਂ ਦਸਦੇ ਹਨ,"ਨੀਂਦਰ ਉਹ ਅਵਸਥਾ ਹੈ ਜਿਸ ਵਿਚ ਦਿਮਾਗ ਅਤੇ ਅੰਤਹਕਰਣ ਥੱਕ ਕੇ ਨਵੇਂ ਸਿਰਿਉਂ ਸ਼ਕਤੀ ਪ੍ਰਾਪਤ ਕਰਨ ਲਈ ਵਿਸ਼ਰਾਮ ਕਰਦੇ ਹਨ, ਦਿਮਾਗ ਵਿਚ ਲਹੂ ਘਟ ਪਹੁੰਚਣ ਤੇ ਨੀਂਦ ਆਉਂਦੀ ਹੈ।" ਅਗੇ ਚੱਲ ਕੇ ਯੋਗਦਰਸ਼ਣ ਦਾ ਹਵਾਲਾ ਦਿੰਦਿਆਂ ਕਹਿੰਦੇ ਹਨ," ਚਿੱਤ ਦੀਆਂ ਵ੍ਰਿੱਤੀਆਂ ਦੇ ਅਭਾਵ ਦਾ ਕਰਣ ਜੋ ਤਮੋਗੁਣ ਹੈ, ਉਸ ਨੂੰ ਵਿਨਯ ਕਰਨ ਵਾਲੀ ਵ੍ਰਿੱਤੀ ਦਾ ਨਾਮ ਨਿੰਦ੍ਰਾ ਹੈ।"

ਨੀਂਦ ਦੀ ਅਵੱਸ਼ਕਤਾ: ਨੀਂਦ ਸਾਨੂੰ ਕਿਉਂ ਅਤੇ ਕਿਵੇਂ ਆਉਂਦੀ ਹੈ, ਇਸ ਬਾਰੇ ਸਾਰੇ ਮਨੋਵਿਗਿਆਨੀ ਇਕ ਮਤ ਨਹੀਂ ਰਖਦੇ ਪਰ ਇਸ ਗਲ ਤੋਂ ਕੋਈ ਇਨਕਾਰ ਨਹੀਂ ਕਰਦਾ ਕਿ ਸਾਡੇ ਸਰੀਰ ਨੂੰ ਨੀਂਦ ਦੀ ਉਨੀ ਹੀ ਲੋੜ ਹੈ ਜਿਨੀਂ ਇਸ ਨੂੰ ਭੋਜਨ ਦੀ। ਨੀਂਦ ਨਾਲ ਮਨੁੱਖ ਦੀ ਕੰਮ-ਕਾਰ ਵਿਚ ਖਰਚ ਹੋਈ ਸ਼ਕਤੀ ਦੀ ਪੂਰਤੀ ਹੁੰਦੀ ਹੈ। ਗੂਹੜੀ ਨੀਂਦ ਪਿਛੋਂ ਜਾਗ ਕੇ ਮਨੁੱਖ ਤਰੋਤਾਜ਼ਾ ਹੋ ਜਾਂਦਾ ਹੈ। ਪਰ ਪੂਰੀ ਨੀਂਦ ਨਾ ਆਉਣ ਕਾਰਨ ਜੀਵਨ ਬੇਸੁਆਦ ਹੋ ਜਾਂਦਾ ਹੈ ਅਤੇ ਹੋਰ ਕਈ ਪਰਕਾਰ ਦੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਨੀਂਦ ਦੀ ਸਰੀਰ ਲਈ ਅਵਸ਼ੱਕਤਾ ਇਸ ਅਖਾਣ ਤੋਂ ਸਿੱਧ ਹੋ ਜਾਂਦੀ ਹੈ ਕਿ ਨੀਂਦ ਤਾਂ ਸ਼ੂਲੀ ਤੇ ਵੀ ਆ ਜਾਂਦੀ ਹੈ'।

ਪੁਰਾਣੇ ਸਮਿਆਂ ਵਿਚ ਅਪਰਾਧੀਆਂ ਨੂੰ ਸਜ਼ਾ ਦੇਣ ਲਈ ਸੌਣ ਨੂਹੀਂ ਸੀ ਦਿਤਾ ਜਾਂਦਾ। ਅੱਜ ਕਲ੍ਹ ਵੀ ਭਾਰਤ ਵਰਗੇ ਦੇਸ਼ਾਂ ਵਿਚ ਅਪਰਾਧੀਆਂ ਦੀ ਤਫ਼ਤੀਸ਼ ਸਮੇਂ ਉਹਨਾਂ ਨੂੰ ਬਹੁਤ ਲੰਮਾ ਸਮਾਂ ਜਾਗਦੇ ਰਖਿਆ ਜਾਂਦਾ ਹੈ। ਕਾਰ ਜਾਂ ਟਰੱਕ ਡਰਾਈਵਰਾਂ ਨੂੰ ਲੰਮੇ ਸਫਰ ਦੀ ਥਕਾਵਟ ਪਿਛੋਂ ਨੀਂਦ ਮੱਲੋਮੱਲੀ ਆ ਘੇਰਦੀ ਹੈ। ਨੀਂਦ ਦੀ ਲਪੇਟ ਵਿਚ ਆਇਆ ਡਰਾਈਵਰ ਕਈ ਵਾਰੀ ਮੰਜ਼ਲ ਤੇ ਪੁੱਜਣ ਦੇ ਲਾਲਚ ਵਿਚ, ਜਤਨ ਕਰਕੇ ਅੱਖਾਂ ਖੋਹਲੀ, ਸਟੇਅਰਿੰਗ ਫੜੀ ਵਾਹਨ ਚਲਾ ਰਿਹਾ ਹੁੰਦਾ ਹੈ ਪਰ ਅੱਤ ਦੇ ਥਕੇਵੇਂ ਨਾਲ ਉਸ ਦਾ ਦਿਮਾਗ ਬੇਸ਼ਸੀ ਦੀ ਹਾਲਤ ਵਿਚ ਸੌਂ ਜਾਂਦਾ ਹੈ। ਅਜਿਹੇ ਨਾਜ਼ਕ ਸਮੇਂ ਜੇਕਰ ਵਾਹਨ ਖੜਾ ਕਰਕੇ ਸੁੱਤਾ ਨਾ ਜਾਵੇ ਤਾਂ ਸੜਕ ਦੁਰਘਟਨਾ ਹੋ ਜਾਂਦੀ ਹੈ ਜਿਸ ਨਾਲ ਜਾਨਮਾਲ ਦਾ ਭਾਰੀ ਨੁਕਸਾਨ ਹੋ ਜਾਂਦਾ ਹੈ।

ਨੀਂਦ ਕਿੰਨੀ ?: ਛੋਟੇ ਤੋਂ ਵਡੇ ਤੱਕ ਹਰ ਇਨਸਾਨ ਲਈ ਪੂਰੀ ਨੀਂਦ ਲੈਣ ਦਾ ਸਮਾਂ ਵੱਖ ਵੱਖ ਹੁੰਦਾ ਹੈ। ਜਿਵੇਂ ਸਾਧਾਰਨ ਬਾਲਗ ਨੂੰ 24 ਘੰਟੇ ਵਿਚੋਂ 7 ਜਾਂ 8 ਘੰਟੇ ਨੀਂਦ ਲੈਣੀ ਜ਼ਰੂਰੀ ਹੁੰਦੀ ਹੈ। ਇਕ ਸਾਲ ਤੋਂ ਘਟ ਉਮਰ ਦਾ ਬੱਚਾ 19 ਤੋਂ 21 ਘੰਟੇ ਸੌਂਦਾ ਹੈ।

ਡਾਕਟਰੀ ਵਿਗਿਆਨ ਅਨੁਸਾਰ ਬੱਚੇ ਦੀ ਇਸ ਨੀਂਦ ਵਿਚ ਸਰੀਰ ਦੇ ਹੋਰ ਅੰਗਾਂ ਨਾਲ ਉਸ ਦੇ ਦਿਮਾਗ ਦੇ ਸੈਲ ਵੀ ਵਧਦੇ ਹਨ। 2 ਤੋਂ 4 ਸਾਲ ਦੀ ਉਮਰ ਵਿਚ 16 ਘੰਟੇ, 4 ਤੋਂ 8 ਸਾਲ ਦੀ ਉਮਰ ਵਿਚ 12 ਘੰਟੇ, 16 ਸਾਲ ਜਾਂ ਇਸ ਤੋਂ ਵਡੇ ਬੱਚੇ ਨੂੰ 9 ਤੋਂ 10 ਘੰਟੇ ਨੀਂਦ ਦੀ ਲੋੜ ਹੁੰਦੀ ਹੈ। ਕਹਿੰਦੇ ਹਨ ਕਿ ਨੀਂਦ ਅਤੇ ਭੁੱਖ ਜਿਨੀਂ ਚਾਹੋ ਤੁਸੀਂ ਵਧਾ ਘਟਾ ਸਕਦੇ ਹੋ। ਉਚੇ ਆਦਰਸ਼ ਵਾਲੇ ਵਿਅੱਕਤੀ ਜਾਂ ਭਗਤਜਨ ਓਨੀਂ ਹੀ ਨੀਂਦ ਲੈਂਦੇ ਹਨ ਜਿੰਨੀ ਦਿਮਾਗ ਅਤੇ ਸਰੀਰ ਨੂੰ ਚਲਦਾ ਰੱਖਣ ਲਈ ਜ਼ਰੂਰੀ ਹੋਵੇ।

ਭਾਈ ਗੁਰਦਾਸ ਜੀ ਵੀ ਇਸ ਕਥਨ ਦੀ ਪੁਸ਼ਟੀ ਕਰਦੇ ਹੋਏ ਕਹਿੰਦੇ ਹਨ " ਥੋੜਾ ਸਵਣਾ ਖਾਵਣਾ ਥੋੜਾ ਗੁਰਮਤਿ ਪਾਏ।" ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਥੇ ਤਨ (ਸਰੀਰ) ਦੇ ਗੁਣ ਪ੍ਰੀਤ, ਦਯਾ, ਖਿਮਾ ਧਾਰਨ ਲਈ ਉਪਦੇਸ਼ ਦਿੰਦੇ ਹਨ ਉਥੇ ਥੋੜਾ ਖਾਣ (ਅਲਪ ਅਹਾਰ) ਥੋੜੀ ਨੀਂਦ (ਸਲਪ ਸੀ ਨਿੰਦਰਾ) ਗੁਣਾਂ ਨੂੰ ਵੀ ਉਹਨਾਂ ਗੁਣਾਂ ਵਿਚ ਸ਼ਾਮਲ ਕਰਦੇ ਹਨ। ਉਹਨਾਂ ਦਾ ਫੁਰਮਾਨ ਹੈ , "ਅਲਪ ਅਹਾਰ ਸਲਪ ਸੀ ਨਿੰਦ੍ਰਾ, ਦਯਾ, ਖਿਮਾ ਤਨ ਪ੍ਰੀਤ"_ ਸ਼ਬਦ ਹਜ਼ਾਰੇ ਪਾਤਿਸ਼ਾਹੀ ਦਸਵੀਂ।

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰ.ਜਵਾਹਰ ਲਾਲ ਨਹਿਰੂ ਰਾਤ ਨੂੰ ਕੇਵਲ 4 ਜਾਂ 5 ਘੰਟੇ ਹੀ ਸੌਦੇ ਸਨ। ਨਿਪੋਲੀਅਨ ਲੜਾਈ ਸਮੇਂ ਘੋੜੇ ਤੇ ਬੈਠਾ ਬੈਠਾ ਝਿਡ ਨਾਲ ਕੁੰਝ ਮਿੰਟ ਲਾਂਬਾ ਲਾ ਕੇ ਆਪਣੀ ਨੀਂਦ ਪੂਰੀ ਕਰ ਲੈਂਦਾ ਸੀ। ਸਿੱਖ ਇਤਿਹਾਸ ਵਿਚ ਅਜਿਹੇ ਸਿਰਲੱਥ ਯੋਧਿਆਂ ਦਾ ਜ਼ਿਕਰ ਆਉਂਦਾ ਹੈ ਜੋ ਘੋੜਿਆਂ ਦੀਆਂ ਕਾਠੀਆਂ ਤੇ ਹੀ ਨੀਂਦ ਦੇ ਹੁਲਾਰੇ ਲੈ ਲੈਂਦੇ ਸਨ। ਵਡੀ ਉਮਰ ਹੋਣ ਕਰਕੇ ਬਜ਼ੁਰਗਾਂ ਦੀ ਨੀਂਦ ਘਟ ਜਾਂਦੀ ਹੈ। ਅਸਲ ਵਿਚ ਬਹੁਤੀ ਆਯੂ ਨਾਲ ਸਰੀਰ ਕਮਜ਼ੋਰ ਹੋ ਜਾਣ ਤੇ ਉਹਨਾਂ ਦੀ ਨੀਂਦ ਸਬੰਧੀ ਕਈ ਨੁਕਸ ਪੈ ਜਾਂਦੇ ਹਨ ਜਿਸ ਕਰਕੇ ਬਜ਼ੁਰਗ ਜਵਾਨੀ ਜਿੰਨੀ ਨੀਂਦ ਨਹੀਂ ਲੈ ਸਕਦੇ।

ਸੌਣ ਲਈ ਸਮਾਂ ਨਿਸਚਤ ਹੋਣ ਕਰਕੇ ਸਰੀਰ ਦੇ ਅੰਦਰਲਾ ਕਲਾਕ ਦਸਦਾ ਹੈ ਕਿ ਨੀਂਦ ਦਾ ਸਮਾਂ ਹੋ ਗਿਆ ਹੈ। ਉਬਾਸੀਆਂ ਆਉਣ ਲਗ ਜਾਂਦੀਆਂ ਹਨ ਅਤੇ ਸਰੀਰ ਨੀਂਦ ਦੀ ਲੋੜ ਮਹਿਸੂਸ ਕਰਨ ਲਗਦਾ ਹੈ। ਗਲਾਂ ਵਿਚ ਦਿਲਚਸਪੀ ਘਟ ਜਾਂਦੀ ਹੈ ਅਤੇ ਬੈਠਿਆਂਥੋਹਿਆਂ ਨੀਂਦ ਦੀ ਝੋਕ ਆਉਂਦੀ ਹੈ। ਨੀਂਦ ਸਮੇਂ ਸਰੀਰਕ ਕਿਰਿਆਵਾਂ ਵਿਚ ਕਈ ਪਰਕਾਰ ਦੇ ਪਰਵਰਤਣ ਆਉਂਦੇ ਹਨ। ਸਰੀਰ ਦਾ ਤਾਪਮਾਨ ਅਤੇ ਲਹੂ ਦਬਾਅ ਘਟ ਜਾਂਦਾ ਹੈ। ਨਬਜ਼ ਹੌਲੀ ਚਲਣ ਲਗਦੀ ਹੈ। ਸਾਹ ਵੀ ਹੌਲੀ ਹੋ ਜਾਂਦਾ ਹੈ। ਰਕਤ ਚਾਲ ਧੀਮੀ ਹੋ ਜਾਂਦੀ ਹੈ। ਨੀਂਦ ਕਾਰਨ ਸਰੀਰ ਦੇ ਹੋਰ ਅੰਗ ਸੁਸਤ ਹੋ ਜਾਣ ਨਾਲ, ਹਾਜ਼ਮੇ ਲਈ ਭੋਜਨ ਵਿਚ ਰਲਣ ਵਾਲੇ ਰਸਾਂ ਦੀ ਮਿਕਦਾਰ ਘਟ ਜਾਂਦੀ ਹੈ ਕਿਉਂਕਿ ਜਿਨ੍ਹਾਂ ਗਰੰਥੀਆਂ (Glands)ਵਿਚੋਂ ਇਹ ਹਾਰਮੋਨ ਰਿਸਦੇ ਹਨ ਉਹ ਵੀ ਆਰਾਮ ਵਿਚ ਆ ਜਾਂਦੀਆਂ ਹਨ। ਇਸ ਤਰਾਂ ਪਾਚਨ ਕਿਰਿਆ ਸੁਸਤ ਹੋ ਜਾਂਦੀ ਹੈ। ਗੂਹੜੀ ਨੀਂਦ ਵਿਚ ਸਰੀਰ ਦੇ ਗੁਰਦੇ ਵੀ ਲਹੂ ਵਿਚੋਂ ਪਿਸ਼ਾਬ ਕਢਣ ਦੀ ਕਿਰਿਆ ਧੀਮੀ ਕਰ ਦਿੰਦੇ ਹਨ।

Cont'd Page 8

ਨਵੇਂ ਸਾਲ ਦੀ

ਲੱਖ ਲੱਖ ਵਧਾਈ ਹੋਵੇ

We Wish You
The Very Best...
In The Year
2000!

Par Dhillon

ਘਰ ਵੇਚਣ ਜਾਂ ਖ੍ਰੀਦਣ ਲਈ ਹਮੇਸ਼ਾਂ ਯਾਦ ਰੱਖੋ

ਪਾਰ ਢਿਲੋਂ

For all your Real Estate needs,
Please contact:

CIBC MORTGAGES

Need a Mortgage ?

- New mortgages
- Transfers
- Refinances
- 7-day convenient service
- For all your mortage needs contact:

- ਨਵੀਂ ਮਾਰਗੇਜ਼
- ਅਦਲਾ ਬਦਲੀ
- ਰੀਫਾਇਨੈਂਸ
- 7-ਦਿਨਾਂ ਸੁਖਾਲੀ ਸੇਵਾ
- ਆਪਣੀਆਂ ਸਾਰੀਆਂ ਮਾਰਗੇਜ਼ ਲੋੜਾਂ ਲਈ ਸਵਰਨ ਗਿੱਲ ਨੂੰ ਫੋਨ ਕਰੋ:

Happy New Year!

Swaran Gill
(604) 556-4833

Rain or shine, night or day, home or office. Our Mortgage Specialist comes to you.

*Some Conditions Apply

CAPSULE COMMENTS

As we approach the end of the year and resolution-making time, it's never too late to become flexible. That means joint flexibility. Studies have shown that no matter what your age, joint stiffness can be reduced through program of stretching. Get on a program of regular stretching and exercising soon.

Speaking of the end of the year (century?) here's a reminder that Y2K will not be a problem for pharmacy. Computers are fine and compatible. Supplies will be fine unless people start to hoard. Treat this year-end like any other. Have a couple of 2-4 weeks extra medication on hand, but don't hoard.

The best source of calcium dairy products. Some plants have calcium in them (spinach, kale and almonds) but these plant sources contain phytates and/or oxalates which reduce the amount of calcium absorbed. Spinach and milk have similar amount of calcium but only 5% is absorbed from spinach.

If you are going on a holiday, remember to bring enough of your prescribed medications with you. It isn't always easy to find the equivalent medication in foreign countries

On behalf of our pharmacists and staff, I'd like to wish you all a very happy, healthy and safe holiday season.

The awful feeling of an alcoholic is due, in part, to dehydration. To avoid this, don't drink to excess (obviously) and drink lots of water to replace the water the alcohol takes out of your body.

Rocking is good medicine. That's the rocking chair kind of rocking. Anxiety and depression can be reduced in people with dementia by rocking from one to two hours a day. It seems to improve psychological and emotional health. Seems also to reduce the need for anti-agitation and pain medications also.

Approximately 48 Canadians will die from lung cancer every day this coming year. We mention this too get people thinking of any life-style changes they might want to make for the new century. Kicking the smoking habit is a good change!

A new product called "The B-D Sensibility Breast self-examination Aid", provides higher degree of sensitivity in detecting abnormalities in the breast. It's about 10 inches in diameter and consists of two round latex-free plastic sheets with liquid lubricant inside. It reduces friction between fingers and breast and works better than using bare hands.

Another year has gone by and I want to wish you all a very happy and healthy 2000. Thank you for all your kind comments about this column. We look forward to serving you throughout the coming year with great service by our great staff. Happy New Year.

Articles submitted by Gladwin Pharmacy Abbotsford, Call us at 855 2494



5% ਡਾਊਨ ਦੇਣ ਨਾਲ ਤੁਸੀਂ ਘਰ ਖ੍ਰੀਦ ਸਕਦੇ ਹੋ

PARM JUDGE
ਪਰਮ ਜੱਜ
855-7393

CONVENIENCE STORE ☆
Super Convenience store, established location over 20 years - Mostly convenient items - Not Grocery items - High profit margin - Daily average sale over $1500. Qualified buyer will be allowed to physically stand on cashier to verify sale -Family problem forcing to sell - Asking $98,000. Call Parm Judge

NEED DOWN PAYMENT
$20,000 ONLY
LOW INTEREST RATE 5.95%
Save over $13,000 on CMHC & low interest rate - 4 bed room on main - solid oak kitchen with nook - family room - gas f/p - skylite - Jacuzzi & sep shower ensuite - Triple garage - shake roof - acrylics stucco - aggregate exposed driveway - 3 car garage - basement rented out $950 month. Call Parm Judge now

5 Acre Raspberry farm & workshop
Best Deal -Just Listed 5.04 acre excellent location with gravel base, well kept home with suite rented out $550. Shop insulated. Won't last long. Best deal call direct -Parm

44 ACRE FARM GREENHOUSE WELCOME
Productive level land, presently over 20 acre raspberry meekar, upto 7 year old, separate well for irrigation, all irrigation reel and sprinkle system. Rest of land suitable for greenhouse, chicken farm or nursery, 3 bed legal mobile home, approx 1200 sq.ft like new metal shed. Near airport.
Exclusively Call Parm Judge

21. 53 Blueberry Farm
2 houses, expecting gross income $200,000 sprinkle system, machinery & net included.
Call Parm Judge

HOUSES

5 YEAR NEW RATE 5.75%
ASKING $222,900
By Clearbrook Church-location-6 bedroom- 3up- 3down- family room-2full bath-Jacuzzi ensuite-nice rec room-full tub down-legal suite-basement rented out $650. Appliance & blinds included in price. Call Now Parm Judge

NEAR ROTARY STADIUM
2 Storey with finished basement on Atwater Street
Asking **$199,000**

ਵਿਕਾਊ ਹੈ -ਉਪਰ
Viewmount Drive
ਤਿੰਨ ਬੈਡ ਉਪਰ ਤੇ ਹੇਠਾਂ ਲੀਗਲ ਸੂਈਟ-ਬੇਸਮਿੰਟ 750 ਦੀ ਕਰਾਏ ਤੇ ਚੜ੍ਹੀ ਹੋਈ। *ਫੋਨ ਪਰਮ ਜੱਜ*

Vacant

Reduced to $148,900
ਗੁਰੂ ਘਰ ਦੇ ਲਾਗੇ holding property - 4 bedroom house - Two Road Frontage, updated carpet, just painted. ਜੀ ਹਾਂ, ਤੁਰਕੇ ਗੁਰੂ ਘਰ ਜਾ ਸਕਦੇ ਹੋ। ਵਧੀਆ ਡੀਲ ਲਈ ਫੋਨ ਕਰੋ। ਪਰਮ ਜੱਜ



ਅਪੋਲੋ ਫਿਟਨਸ ਦੇ ਲਾਗੇ 9 ਫੁੱਟ ਸੀਲਿੰਗ 6 ਕਮਰੇ ਵਾਲਾ ਨਵਾਂ ਘਰ



ਕੁਆਲਟੀ ਬਿਲਟ - ਸਤ ਜਾਂ 6 ਵਾਲਾ ਕਮਰੇ ਵਾਲਾ ਘਰ, 4 ਫੁਲ ਬਾਥ ਲੀਗਲ ਸੂਈਟ, ਵਡੀ ਲਾਟ, ਨਵੇਂ ਘਰ ਬਲੂਜੇ ਏਰੀਆ। ਫੋਨ ਪਰਮ ਜੱਜ

4 bedroom up with legal suite 6 car parking, view, custom built. All appliance & windows covering included. Must see inside to appreciate

By Apollo Fitness Call Parm

FARMS

120 ACRE FARM
Just Listed 120 ਏਕੜ ਫਾਰਮ - 36 ਏਕੜ ਰਸਬਰੀ - 30 ਏਕੜ ਸਟ੍ਰਾਬੇਰੀ, 15 ਏਕੜ ਬਲੂਬੇਰੀ ਤੇ ਹੋਰ ਲਗੀਆਂ ਸਬਜ਼ੀਆਂ panaromic view with 7 bedroom house, three tractors, subsoilers, wells, welding equipment, air compressor, 24 ਸੀਟਾਂ ਵਾਲੀ ਬੱਸ, van, irrigation reel with gun, 1996 corvan berry picking machine, four header to negotiate, 14 rooms cabin, potential to subdivide, machine shed, small trade welcome, showing strictly with listing saleperson and appointment only. Call Parm Judge

7 year new, hot water heat, sprinkle system, **Trade Welcome**

18 Acre Blueberry Farm
Gross income 1999 approx $185,000. 6 bedroom house top producing farm. Huge 1850 sq. ft and 3350 sq. ft sheds plus 2 green houses & more machinery included. Call Parm

10 acre Blueberry Farm
House-full production blue crop,drip system, two road frontage, Trade Welcome

4 Acre Hobby Farm
Clear acres with 2 bedroom rancher home, city water, close to town. Asking $269,900 only Call direct - Parm Judge

10 ACRE BLUEBERRY FARM
Yarrow 6 to 7 acre planted bluecrop, 3 year old, T.L.C Trailer & Cabins on site. Details call Parm Judge

NEW LISTINGS

SURREY $224,900
2550 sq.ft basement entryhouse corner lot, 2 bedroom basement and potential to expand or large 11250 sq. ft ample room to park your vehicles, convenient location to commute to vancouver.
Call Parm Judge
Also Rancher type 3 houses available price $169,000 in Surrey.

****ਲਾਟਾਂ ਵਿਕਾਊ****

1 ਮਿਸ਼ਨ ਵਿੱਚ ਲਾਟਾਂ ਵਿਕਾਊ, ਵਧੀਆ ਵਿਊ, ਘੱਟ ਕੀਮਤ, ਲਾਟਾਂ ਸ਼ੁਰੂ $79,900 ਤੋਂ
2 25 lots Delair subdivision starting at only $99,900.
Ph Parm Judge 855-7393

2471 Hill Tout
2000 sq. ft house on 11545 sq.ft lot - Among highrise commercial property. Call Parm Judge

19 Acre
272 St. Possible to build 2 houses

OSOYOOS ASKING $105,000
4 Bedroom house in osoyoos, presently rented out $825 month, drive by 14 loon st, O.C.P. in multi family on large 100' x 92', lot great investment, bring all offer, Don't be shy, seller must sell situation, call Parm Judge.

8 Bedroom House
8 Bedroom Home on 1/4 acre lot.
6 Full bath 2 gas f/p, 10 space car parking. May trade house in Surrey.

6 ਸਾਲ ਨਵਾਂ ਘਰ
ਕੀਮਤ $214,900, ਫੈਮਲੀ ਰੂਮ ਉਪਰ
31323 Coghlan Place

"ਤੁਸਾਨੀ ਕੀ ਕਿਰਪਾ ਸੇ ਸਨੇ ਹਮ ਹੈ, ਨਹੀਂ ਮੋਜੇ ਗਰੀਬ ਕਰੋਰ ਪਰੇ" - ਪ੍ਰਮਾਤਮ ਤੇ ਆਪ ਸਭ ਭੈਣ ਭਰਾਵਾਂ ਦਾ ਦਿਲੋਂ ਸੁਕਰੀਆ ਕਰਦਾ ਹਾਂ ਜਿਨ੍ਹਾਂ ਇਸ ਨਿਮਾਣੇ ਜਿਹੇ ਇਨਸਾਨ ਨੂੰ ਰੀਅਲ ਇਸਟੇਟ ਵਿਚ ਉਪਰ ਜਾ ਬਿਠਾਇਆ। ਆਪ ਸਭ ਨੂੰ ਨਵਾਂ ਸਾਲ ਪਿਆਰ ਭਰਿਆ, ਖੁਸ਼ੀਆਂ ਖੇੜੇਆਂ ਵਾਲਾ ਆਵੇ। ਮੈਂ ਹਾਂ ਆਪ ਜੀ ਦਾ ਸੇਵਾਦਾਰ ਸੁਰਿੰਦਰ - ਪਰਮ ਜੱਜ
ਸੁਕਰੀਆ ☆ ਸੁਕਰੀਆ ☆ ThankYou

Call Parm Judge • LIGHTHOUSE REALTY • Toll Free 649-4871

Cont'd from Page 5

ਨੀਂਦ ਦੀਆਂ ਕਿਸਮਾਂ: ਮੋਟੇ ਤੌਰ ਤੇ ਨੀਂਦ ਦੋ ਪਰਕਾਰ ਦੀ ਹੁੰਦੀ ਹੈ। ਗੂੜ੍ਹੀ ਨੀਂਦ ਅਤੇ ਹਲਕੀ ਨੀਂਦ। ਗੂੜ੍ਹੀ ਨੀਂਦ ਉਹ ਹੁੰਦੀ ਹੈ ਜਿਸ ਵਿਚ ਸਰੀਰ ਦੇ ਅੰਗ ਨਿਸੱਲ ਹੋ ਜਾਂਦੇ ਹਨ ਮਾਸ-ਪੇਸ਼ੀਆਂ ਨੂੰ ਪੂਰਨ ਆਰਾਮ ਮਿਲਣ ਨਾਲ ਥਕੇਵਾਂ ਦੂਰ ਹੋ ਜਾਂਦਾ ਹੈ। ਉਹ ਵਿਅੱਕਤੀ ਵਡੇ ਭਾਗਾਂ ਵਾਲੇ ਹਨ ਜੋ ਅਜਿਹੀ ਸੁਖ ਦੀ ਨੀਂਦ ਸੌਂਦੇ ਹਨ। ਜਾਰਜ ਹਰਬਰਟ ਦਾ ਕਹਿਣਾ ਹੈ ਕਿ ਅੱਧੀ ਰਾਤ ਤੋਂ ਪਹਿਲੇ ਇਕ ਘੰਟੇ ਦੀ ਨੀਂਦਰ,ਪਿਛਲੇ ਤਿੰਨਾਂ ਘੰਟਿਆਂ ਦੀ ਨੀਂਦਰ ਦੇ ਬਰਾਬਰ ਹੈ। ਇਹ ਨੀਂਦ ਅਜਿਹੀ ਵਰਕਸ਼ਾਪ ਹੈ ਜਿਸ ਵਿਚੋਂ ਸਰੀਰ ਰੂਪੀ ਗਡੀ ਓਵਰਹਾਲ ਹੋ ਕੇ ਨਿਕਲਦੀ ਹੈ। ਇਸ ਹਾਲਤ ਵਿਚ ਸਰੀਰ ਅਤੇ ਦਿਮਾਗ ਪੂਰੀ ਤਰਾਂ ਸੌਂ ਜਾਂਦੇ ਹਨ। ਅਜਿਹੀ ਗੂਹੜੀ ਨੀਂਦ ਸੌ ਦਾਰੂਆਂ ਦੀ ਦਾਰੂ ਅਤੇ ਸੰਸੇ ਫਿਕਰਾਂ ਦੀ ਮਲ੍ਹਮ ਹੈ। ਇਹ ਮਿੱਠੀ ਨੀਂਦ ਮਿਹਨਤਕਸ਼ ਵਿਅਕੱਤੀਆਂ ਭਾਵ ਕਿਸਾਨਾਂ ਮਜ਼ਦੂਰਾਂ ਨੂੰ ਆਉਂਦੀ ਹੈ। ਕਾਰਲਸ ਨਾਮੀ ਇਕ ਅੰਗਰੇਜ਼ ਚਿੰਤਕ ਨੇ ਗੂੜ੍ਹੀਮਿਠੀ ਨੀਂਦ ਲੈਣ ਦਾ ਸੁਝਾ ਇਸ ਤਰਾਂ ਦਿੱਤਾ ਹੈ: "ਨੀਂਦ ਦੇ ਬਿਸਤਰੇ ਤੇ ਜਾਣ ਸਮੇਂ ਆਪਣੀਆਂ ਚਿੰਤਾਵਾਂ ਨੂੰ ਕੰਮ ਵਾਲੇ ਕਪੜਿਆਂ ਦੇ ਨਾਲ ਹੀ ਕਿੱਲੀ ਤੇ ਟੰਗ ਦੇਵੋ ਤਾਕਿ ਗੂਹੜੀ ਨੀਂਦ ਤੁਹਾਡੀ ਮਿਹਨਤ ਨੂੰ ਬਲਵਾਨ ਬਣਾ ਦੇਵੇ ਅਤੇ ਬਲਵਾਨ ਮਿਹਨਤ ਨੀਂਦ ਨੂੰ ਮਿੱਠਾ।"

ਪਰ ਅਜਿਹੀ ਪਿਆਰੀ ਨੀਂਦ ਸਾਰੀ ਰਾਤ ਨਹੀਂ ਆਉਂਦੀ। ਕੁੱਝ ਘੰਟਿਆਂ ਪਿਛੋਂ ਜਾਗ ਆ ਕੇ ਫਿਰ ਦੂਜੀ ਪਰਕਾਰ ਦੀ ਹਲਕੀ ਨੀਂਦ ਆਉਂਦੀ ਹੈ। ਜਿਸ ਨੂੰ ਅੰਗਰੇਜ਼ੀ ਵਿਚ R.E.M.(Rapid Eye Movement) ਭਾਵ ਅੱਖਾਂ ਵਿਚਲੇ ਡੇਲਿਆਂ ਦੀ ਤੇਜ਼ ਗਤੀ ਵਾਲੀ ਨੀਂਦ ਕਹਿੰਦੇ ਹਨ। ਇਸ ਅਵਸਥਾ ਵਿਚ ਸਰੀਰ ਆਰਾਮ ਵਿਚ ਹੁੰਦਾ ਹੈ ਪਰ ਦਿਮਾਗ ਕਾਰਜ-ਸ਼ੀਲ ਰਹਿੰਦਾ ਹੈ। ਇਸ ਨੀਦ ਵਿਚ ਸੁਪਨੇ ਆਉਂਦੇ ਹਨ। ਨੀਂਦਰ ਅਤੇ ਸੁਪਨਿਆਂ ਦਾ ਚੋਲੀਦਾਮਨ ਦਾ ਸਾਥ ਹੈ। ਮਨੋ-ਵਿਗਿਆਨੀ ਦਸਦੇ ਹਨ ਕਿ ਸੁਪਨੇ ਵੀ ਸਾਡੀ ਦਿਮਾਗੀ ਸਿਹਤ ਲਈ ਜ਼ਰੂਰੀ ਹਨ।

ਸ੍ਰ. ਗੁਰਬਖਸ਼ ਸਿੰਘ ਪ੍ਰੀਤ ਲੜੀ ਸੁਪਨਿਆਂ ਦੀ ਮਹੱਤਤਾ ਦਰਸਾਉਂਦੇ ਹੋਏ ਕਹਿੰਦੇ ਹਨ , "ਸੁਪਨੇ ਸਾਡੇ ਲਈ ਸੇਫਟੀ ਵੈਲਵ ਦਾ ਕੰਮ ਕਰਦੇ ਹਨ, ਸਾਡੀਆਂ ਅਪੂਰਤ ਖਾਹਸ਼ਾਂ ਦਾ ਪਰੈਸ਼ਰ ਰਾਤ ਨੂੰ ਇਹਨਾਂ ਰਾਹੀਂ ਖਾਰਜ ਹੁੰਦਾ ਹੈ। ਸਾਡੀਆਂ ਕੱਸੀਆਂ ਹੋਈਆਂ ਨਸਾਂ ਢਿਲੀਆਂ ਹੋ ਕੇ ਆਰਾਮ ਵਿਚ ਆ ਜਾਂਦੀਆਂ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਬਿਲਾਵਲ ਰਾਗ ਵਿਚ ਜਾਗਣ ਨਾਲੋਂ ਉਸ ਸੁਪਨੇ ਨੂੰ ਭਲਾ ਗਿਣਦੇ ਹਨ ਜਿਸ ਵਿਚ ਪ੍ਰਭੂ ਨਾਲ ਮਿਲਾਪ ਹੋ ਜਾਵੇ, ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ।" ਸੋ ਮਿਲਾਪ ਲਈ ਤੜਪਦੇ ਪ੍ਰੇਮੀ ਸੁਪਨੇ ਵਿਚ ਮਿਲਦੇ ਹਨ। ਇਸੇ ਲਈ ਉਹਨਾਂ ਇਸ ਕਹਾਵਤ ਵਿਚ ਸੁਪਨੇ ਨੂੰ ਸੁਲਤਾਨ ਆਖਿਆ ਹੈ" ਸੁਪਨੇ ਤੂੰ ਸੁਲਤਾਨ ਹੈਂ ਉਤਮ ਤੇਰੀ ਜ਼ਾਤ, ਕਈ ਵਰ੍ਹਿਆਂ ਦੇ ਵਿੱਛੜੇ ਆਣ ਮਿਲਾਏ ਰਾਤ"।

ਨੀਂਦਰ-ਚਾਲ। (Sleep-Walking or Noctambulism) ਕਈ ਵਿਅੱਕਤੀ ਰਾਤ ਨੂੰ ਨੀਂਦ ਵਿਚ ਉਠ ਕੇ, ਆਪਣੇ ਕਪੜੇ ਬਦਲ ਕੇ, ਆਪਣੀ ਸਾਈਕਲ ਜਾਂ ਮੋਟਰ ਤੇ ਘਰੋਂ ਬਾਹਰ ਚਲੇ ਜਾਂਦੇ ਹਨ। ਜਦੋਂ ਪੂਰੀ ਹੋਸ਼ ਜਾਂ ਜਾਗ ਆ ਜਾਂਦੀ ਹੈ ਤਾਂ ਇਹਨਾਂ ਨੂੰ ਇਹਨਾਂ ਹਰਕਤਾਂ ਦੀ ਪੂਰੀ ਯਾਦ ਨਹੀਂ ਰਹਿੰਦੀ।। ਸਾਡੇ ਭਾਰਤੀ ਸਮਾਜ ਵਿਚ ਅੰਧ-ਵਿਸ਼ਵਾਸ਼ ਅਤੇ ਅਨਪੜ੍ਹਤਾ ਕਾਰਨ ਕਈ ਲੋਕ ਅਜਿਹੇ ਵਿਅੱਕਤੀਆਂ ਨੂੰ ਭੂਤਪਰੇਤ ਦੀ ਛਾਇਆ ਜਾਂ ਕਸਰ ਹੋ ਗਈ ਸਮਝਦੇ ਹਨ। ਮਨੋ-ਵਿਗਿਆਨੀਆਂ ਅਨੁਸਾਰ ਨੀਂਦ ਵਿਚ ਇਉਂ ਉਠ ਕੇ ਤੁਰਨਾ ਨੀਦਰ-ਚਾਲ ਨਾਮ ਦੀ ਮਾਨਸਿਕ ਬੀਮਾਰੀ ਹੈ ਜਿਸ ਵਿਚ ਅਜਿਹੇ ਮਨੋ-ਰੋਗੀ ਦੀ ਸ਼ਖਸੀਅਤ ਜਾਂ ਮਾਨਸਿਕਤਾ ਖੰਡਿਤ ਹੋਈ (Split personality) ਹੁੰਦੀ ਹੈ। ਇਸ ਅਵਸਥਾ ਵਿਚ ਦਿਮਾਗ ਸੌਂ ਜਾਂਦਾ ਹੈ ਪਰ ਸਰੀਰ ਜਾਗ ਪੈਂਦਾ ਹੈ। ਇਸ ਤਰਾਂ ਦਿਮਾਗ ਅਤੇ ਸਰੀਰ ਦਾ ਤਾਲ-ਮੇਲ ਨਹੀਂ ਰਹਿੰਦਾ। ਇਹੀ ਕਾਰਨ ਹੈ ਕਿ ਨੀਂਦਰ-ਚਾਲ ਵਾਲਾ ਵਿਅੱਕਤੀ ਜੋ ਹਰਕਤਾਂ ਕਰਦਾ ਹੈ ਜਾਗ ਆਉਣ ਤੇ ਉਸ ਨੂੰ ਉਹ ਯਾਦ ਨਹੀਂ ਰਹਿੰਦੀਆਂ। ਇਸ ਮਨੋਰੋਗ ਨਾਲ ਪ੍ਰਭਾਵਤ ਵਿਅੱਕਤੀ ਜਦੋਂ ਕੋਈ ਲੜਕੀ ਜਾਂ ਇਸਤਰੀ ਹੋਵੇ ਤਾਂ ਇਸ ਬੀਮਾਰੀ ਨਾਲ ਕਈ ਸ਼ੱਕ ਜੁੜ ਜਾਂਦੇ ਹਨ ਜਿਸ ਨਾਲ ਕਈ ਪਰਕਾਰ ਦੀਆਂ ਉਲਝਣਾਂ ਪੈਦਾ ਹੋ ਜਾਂਦੀਆਂ ਹਨ। ਵਿਵਾਹਤ ਜੋੜਿਆਂਦੇ ਸੰਬੰਧ ਵਿਗੜ ਕੇ ਟੁੱਟ ਜਾਂਦੇ ਹਨ।

ਨੀਂਦਰ-ਚਾਲ ਦੇ ਕਾਰਨ: ਇਹ ਬੀਮਾਰੀ ਕਿਸੇ ਹੋਰ ਸਰੀਰਕ ਰੋਗ ਜਿਵੇਂ ਮਿਰਗੀ ਆਦਿ ਨਾਲ ਵੀ ਹੋ ਸਕਦੀ ਹੈ। ਇਸ ਮਨੋ-ਰੋਗ ਦਾ ਕਾਰਨ ਡਰ, ਚਿੰਤਾ ਜਾਂ ਦਿਮਾਗੀ ਬੋਝ ਵੀ ਹੋ ਸਕਦਾ ਹੈ। ਇਹਨਾਂ ਦੇ ਅਸਰ ਤੋਂ ਬਚਣ ਲਈ ਬੀਮਾਰ ਅਜਿਹੀ ਸੁਤ-ਜਾਗਣ ਜਿਹੀ ਅਵਸਥਾ ਵਿਚ ਆ ਕੇ ਆਪਣੀ ਦਬੀ ਹੋਈ ਜਾਂ ਅਪੂਰਤ ਲੋਚਾ ਪੂਰੀ ਕਰਨਾ ਚਾਹੁੰਦਾ ਹੈ। ਤੰਤੂ-ਵਿਗਿਆਨੀ (Neurologist) ਇਸ ਰੋਗ ਨੂੰ (Neurosis) ਮਨੋ-ਸੰਤਾਪ ਜਾਂ ਤੰਤੂ-ਵਿਗਾੜ ਦਾ ਨਾਮ ਵੀ ਦਿੰਦੇ ਹਨ। ਖੰਡਿਤ ਸ਼ਖਸੀਅਤ ਜਾਂ ਖਿੰਡੀ ਮਾਨਸਿਕਤਾ ਕਾਰਨ ਰੋਗੀ ਦੀਆਂ ਸਰੀਰਕ ਅਤੇ ਮਾਨਸਿਕ ਕਿਰਿਆਵਾਂ ਵਿਚ ਤਾਲ-ਮੇਲ ਵਿਗੜ ਜਾਂਦਾ ਹੈ। ਅਜਿਹੇ ਰੋਗੀ ਨੂੰ ਕਈ ਪਰਕਾਰ ਦੇ ਵਹਿਮ ਜਾਂ ਮਨੋ-ਭਰਮ ਵੀ ਹੋ ਜਾਂਦੇ ਹਨ। ਇਸ ਦੇ ਇਲਾਜ ਲਈ ਟੂਣੇ-ਟਾਮਣਾਂ ਜਾਂ ਭੂਤ ਕੱਢਣ ਵਾਲੇ ਅਖੌਤੀ ਸਿਆਣਿਆਂ ਕੋਲ ਜਾ ਕੇ ਆਪਣਾ ਸਮਾਂ ਅਤੇ ਧਨ ਨਸ਼ਟ ਨਹੀਂ ਕਰਨਾ ਚਾਹੀਦਾ। ਸਗੋਂ ਇਸ ਦੀ ਦਵਾ ਦਾਰੂ ਕਿਸੇ ਨਿਪੁੰਨ ਮਨੋ-ਚਕਿਤਸਕ, (Psychiatrist) ਭਾਵ ਮਨੋ-ਰੋਗਾਂ ਦੇ ਮਾਹਰ ਡਾਕਟਰ ਪਾਸੋਂ ਕਰਵਾਉਣੀ ਚਾਹੀਦੀ ਹੈ।

ਅਨੀਂਦਰੇ ਦੀਆਂ ਕਿਸਮਾਂ: ਅਸਥਾਈ ਅਤੇ ਸਥਾਈ ਅਨੀਂਦਰਾ। ਕਿਸੇ ਬੀਮਾਰੀ ਕਾਰਨ ਸਰੀਰ ਵਿਚ ਦਰਦ ਹੋਣਾ, ਲੰਮੇ ਸਮੇਂ ਤੱਕ ਭਾਰੀ ਸਰੀਰਕ ਮੁਸ਼ੱਕਤ ਕਰਦੇ ਰਹਿਣਾ, ਬਹੁਤੀ ਭੁੱਖ ਲਗਣ ਤੇ ਖਾਣਾ ਨਾ ਖਾ ਸਕਣਾ,ਭਾਰੀ ਜਾਂ ਮਸਾਲੇ ਦਾਰ ਖਾਣਾ ਬਹੁਤੀ ਮਾਤਰਾ ਵਿਚ ਖਾਧਾ ਜਾਣਾ ਆਦਿ ਅਜਿਹੇ ਕੁੱਝ ਕਾਰਨ ਹਨ ਜਿੰਨਾਂ ਕਰਕੇ ਨੀਂਦ ਖੁੰਝ ਜਾਂਦੀ ਹੈ। ਕਈਆਂ ਨੂੰ ਘਰੋਂ ਬਾਹਰ ਜਾ ਕੇ ਓਪਰੀ ਥਾਂ ਨੀਂਦ ਨਹੀਂ ਆਉਂਦੀ। ਕਈ ਮਾਮੂਲੀ ਰੌਲੇ ਰਪੇ ਜਾਂ ਰੋਸ਼ਨੀ ਕਾਰਨ ਵੀ ਸੌਂ ਨਹੀਂ ਸਕਦੇ। ਇਮਤਿਹਾਨਾਂ ਦੇ ਦਿਨਾਂ ਵਿਚ ਫੇਲ ਹੋ ਜਾਣ ਦੇ ਡਰੋਂ ਕਈ ਵਿਦਿਆਰਥੀ ਲੋੜੀਂਦੀ ਨੀਂਦ ਨਹੀਂ ਲੈ ਸਕਦੇ। ਕਈਆਂ ਦਾ ਸੁਭਾਅ ਮੂੰਹ ਢਕ ਕੇ ਜਾਂ ਖਾਸ ਅੰਦਾਜ਼ (Posture) ਵਿਚ ਸੌਣ ਦਾ ਹੁੰਦਾ ਹੈ; ਅਜਿਹੇ ਵਿਅੱਕਤੀ ਸਫਰ ਵਿਚ ਸੌਂ ਨਹੀਂ ਸਕਦੇ। ਸੌਣ ਲਗਿਆਂ ਬਹੁਤੀ ਤੇਜ਼ ਚਾਹ ਜਾਂ ਕੌਫੀ ਪੀਣੀ ਵੀ ਨੀਂਦ ਆਉਣ ਵਿਚ ਰੁਕਾਵਟ ਬਣਦੀ ਹੈ। ਨੀਂਦ ਲਿਆਉਣ ਲਈ ਕਈ ਸ਼ਰਾਬ ਸਿਗਰਟ ਜਾਂ ਹੋਰ ਨਸ਼ਿਆਂ ਦਾ ਸਹਾਰਾ ਲੈਂਦੇ ਹਨ, ਜੋ ਠੀਕ ਨਹੀਂ ਹੈ। ਅਜਿਹੀਆਂ ਨਿੱਜੀ ਆਦਤਾਂ ਕਾਰਨ ਇਸ ਅਵਸਥਾ ਨੂੰ ਮਨੋ-ਵਿਗਿਆਨੀ ਅਸਥਾਈ ਅਨੀਂਦਰਾ ਕਹਿੰਦੇ ਹਨ ਅਤੇ ਇਸ ਨੂੰ ਅਨੀਂਦਰਾ ਰੋਗ ਨਹੀਂ ਗਿਣਦੇ। ਇਕ ਦੋ ਰਾਤਾਂ ਪੂਰੀ ਨੀਂਦ ਨਾ ਆਉਣ ਪਿਛੋਂ ਵਾਤਾਵਰਨ ਦੀ ਬਦਲੀ ਜਾਂ ਅਜਿਹੇ ਅਨੀਂਦਰੇ ਦੇ ਆਰਜ਼ੀ ਕਾਰਨ ਦੂਰ ਹੋਣ ਤੇ ਫਿਰ ਗੂਹੜੀ ਨੀਂਦ ਲੈ ਕੇ ਥਕੇਵਾਂ ਲਾਹ ਲਿਆ ਜਾਂਦਾ ਹੈ। ਸੋ ਇਹ ਕੋਈ ਬਹੁਤੀ ਫਿਕਰ ਵਾਲੀ ਗਲ ਨਹੀਂ।

ਸਥਾਈ ਅਨੀਂਦਰਾ। ਬਿਸਤਰੇ ਤੇ ਜਾਂਦਿਆਂ ਸਾਰ ਸੌਂ ਨਾ ਸਕਣਾ, ਲੋੜ ਅਨੁਸਾਰ ਪੂਰੀ ਨੀਂਦ ਨਾ ਲੈ ਸਕਣੀ, ਬਹੁਤੀ ਸਵਖਤੇ ਅੱਖ ਖੁਲ੍ਹ ਜਾਣੀ ਜਾਂ ਇਕ ਵਾਰੀ ਜਾਗ ਆਉਣ ਤੇ ਫਿਰ ਦੁਬਾਰਾ ਅੱਖ ਨਾ ਲਗਣੀ ਸਥਾਈ ਅਨੀਂਦਰੇ ਦੇ ਮੁੱਖ ਲੱਛਣ ਹਨ। ਕਿਸੇ ਮਿੱਤਰ ਪਿਆਰੇ ਜਾਂ ਪਰਿਵਾਰ ਦੇ ਕਿਸੇ ਮੈਂਬਰ ਦਾ ਸਦੀਵੀ ਵਿਛੋੜਾ, ਮਾਲੀ ਨੁਕਸਾਨ, ਕੰਮ ਬੰਦ ਹੋ ਜਾਣਾ, ਨਿਰਮੂਲ ਡਰ, ਚਿੰਤਾ ਫਿਕਰ ਜਾਂ ਡਰਾਉਣੇ ਸੁਪਨਿਆਂ ਕਾਰਨ ਕਈ ਵਾਰੀ ਨੀਂਦ

Cont'd Page 9



Bev's House of Frames Wishes Everyone A Happy New Year!

Picture perfect . . . custom framing and design.

Bev's House of Frames Ltd.

CUSTOM PICTURE FRAMING & DESIGN

852-6248

#71-32500 South Fraser Way, Abbotsford, B.C. (next to Safeway)

ਕਸਟਮ ਪਿਕਚਰ ਫਰੇਮਾਂ ਤੇ 50% ਛੋਟ

ਤਹਾਡੇ ਕਸਟਮ ਸਾਈਜ਼ਾਂ ਅਨੁਸਾਰ ਬਣਾਈਆਂ ਬਹੁਤ ਸਾਰੀਆਂ ਮੋਲਡਿੰਗਜ਼ ਵਿਚੋਂ ਚੋਣ ਕਰੋ।

ਜ਼ਰਾ ਮੁਕਾਬਲਾ ਕਰੋ ਦੂਜਿਆਂ ਨਾਲ:
- ਸਾਡੀ ਕੁਆਲਿਟੀ ਦਾ।
- ਸਾਡੀ ਸੇਵਾ ਦਾ।
- ਸਾਡੀ ਸਿਲੈਕਸ਼ਨ ਦਾ।
- ਸਾਡੀਆਂ ਕੀਮਤਾਂ ਦਾ।

CITY PIZZA

Happy New Year & Gurpurb Greetings on the birthday celebrations of

Sahib Sri Guru Gobind Singh Ji!

ਆਪ ਸਭ ਨੂੰ ਨਵੇਂ ਸਾਲ ਅਤੇ

ਗੁਰੂ ਗੋਬਿੰਦ ਸਿੰਘ ਜੀ

ਦੇ ਜਨਮ ਦਿਨ ਦੀ ਲੱਖ ਲੱਖ ਵਧਾਈ ਹੋਵੇ!

107 -32883 South Fraser Way, Abbotsford, B.C.

Ph: 850-1035

Cont'd from Page 8

ਉਚਾਟ ਹੋ ਜਾਂਦੀ ਹੈ। ਸੌਣ ਦੇ ਉਚਿਤ ਅਤੇ ਵਧੀਆ ਪ੍ਰਬੰਧ ਹੋਣ ਦੇ ਬਾਵਜੂਦ ਵੀ ਮਾਨਸਿਕ ਖਿਚਾਅ ਜਾਂ ਉਦਾਸੀ-ਰੋਗ (Depression) ਕਾਰਨ, ਲੋੜ ਅਨੁਸਾਰ ਪੂਰੀ ਨੀਂਦ ਨਹੀਂ ਆਉਂਦੀ। ਲਗਾਤਾਰ ਅਨੀਂਦਰੇ ਰਹਿਣ ਨਾਲ ਸਰੀਰ ਦੀ ਬੀਮਾਰੀਆਂ ਨਾਲ ਟਾਕਰਾ ਕਰਨ ਦੀ ਸ਼ਕਤੀ (Immunity) ਘਟ ਜਾਂਦੀ ਹੈ। ਪਹਿਲਾਂ ਵਾਲੀ ਇਕਾਗਰਤਾ, ਦਲੇਰੀ ਅਤੇ ਦ੍ਰਿੜਤਾ ਨਹੀਂ ਰਹਿੰਦੀ। ਸੁਭਾਅ ਚਿੜਚਿੜਾ ਹੋ ਜਾਂਦਾ ਹੈ। ਜੀਵਨ ਵਿਚ ਚੜ੍ਹਦੀ ਕਲਾ ਦਾ ਉਤਸ਼ਾਹ ਘਟ ਜਾਂਦਾ ਹੈ। ਰਾਗ ਰੰਗ,ਹਾਸਾ ਤਮਾਸ਼ਾ ਚੰਗਾ ਨਹੀਂ ਲਗਦਾ। ਮਨ ਇਕਾਂਤ ਪਸੰਦ ਹੋ ਜਾਂਦਾ ਹੈ। ਲਹੂ ਦਬਾਅ ਵੱਧ ਜਾਂਦਾ ਹੈ। ਸਿਰ ਭਾਰੀ, ਅੱਖਾਂ ਬੋਝਲ ਅਤੇ ਮੱਥਾ ਘੁਟਿਆ ਘੁਟਿਆ ਰਹਿਣ ਲਗਦਾ ਹੈ।

ਇਹਨਾਂ ਚਿੰਨਾਂ ਦੇ ਉਘੱੜ ਆਉਣ ਨਾਲ ਜੀਵਨ ਦੀ ਯੋਗਤਾ (Quality) ਘਟ ਜਾਂਦੀ ਹੈ। ਕਈ ਮਨੋ-ਵਿਗਿਆਨੀ ਇਸ ਪਰਕਾਰ ਦੇ ਸਥਾਈ ਅਨੀਂਦਰੇ ਨੂੰ ਆਪਣੇ ਆਪ ਵਿਚ ਕੋਈ ਬੀਮਾਰੀ ਨਹੀਂ ਗਿਣਦੇ ਸਗੋਂ ਕੋਈ ਮਾਨਸਿਕ ਜਾਂ ਸਰੀਰਕ ਵਿਘਨ ਪੈ ਜਾਣ ਦੇ ਚਿੰਨ੍ਹ ਸਮਝਦੇ ਹਨ। ਕੁੱਝ ਵੀ ਹੋਵੇ, ਜੇਕਰ ਅਜਿਹੀ ਅਵਸਥਾ ਦਾ ਮਾਹਰ ਮਨੋ-ਚਿਕਿਤਸਕ (Psychiatrist) ਤੋਂ ਇਲਾਜ ਨਾ ਕਰਵਾਇਆ ਜਾਵੇ ਤਾਂ ਰੋਗੀ ਦੀ ਸਿਹਤ ਤੇ ਬੁਰਾ ਪ੍ਰਭਾਵ ਪੈਣ ਲਗ ਜਾਂਦਾ ਹੈ ਅਤੇ ਦਿਮਾਗੀ ਤੌਰ ਤੇ ਕਈ ਗੁੰਝਲਾਂ ਪੈਦਾ ਹੋ ਜਾਂਦੀਆਂ ਹਨ।

ਸਥਾਈ ਅਨੀਂਦਰਾ ਹਟਾਉਣ ਲਈ ਸੁਝਾਅ: ਮਨੋ-ਵਿਗਿਆਨੀਆਂ ਨੇ ਲੋੜੀਂਦੀ ਨੀਂਦ ਮਾਨਣ ਲਈ ਹੇਠ ਲਿਖੇ ਕੁੱਝ ਸੁਝਾਅ ਦਿਤੇ ਹਨ ਜੋ ਲਾਭਦਾਇਕ ਸਿੱਧ ਹੋਏ ਹਨ :-

(1) ਮਾਨਸਿਕ ਬੋਝ ਹਲਕਾ ਕਰਨਾ। ਆਪਣੀ ਦਿਲ ਦੀ ਗਲ ਆਪਣੇ ਭਰੋਸੇਯੋਗ ਮਿੱਤਰ ਜਾਂ ਸਾਕ ਸਬੰਧੀ ਨਾਲ ਕਰਨੀ ਚਾਹੀਦੀ ਹੈ। ਕਿਸੇ ਗੰਭੀਰ ਸਮਸਿੱਆ ਬਾਰੇ ਸੋਚਦੇ ਰਹਿਣ ਨਾਲੋਂ ਇਸ ਦਾ ਹੱਲ ਲਭਣ ਲਈ ਤਤਪਰ ਹੋਣਾ ਚਾਹੀਦਾ ਹੈ। ਇਸ ਨਾਲ ਮਨ ਕਾਰਜ ਵਿਚ ਰੁੱਝ ਜਾਂਦਾ ਹੈ। ਬੀਤੇ ਸਮੇਂ ਵਿਚ ਹੋਈ ਕਿਸੇ ਗਲਤੀ ਤੇ ਪਛਤਾਵਾ ਕਰਨ ਦੀ ਲੋੜ ਨਹੀਂ। ਇਨਸਾਨ ਨੂੰ ਹਮੇਸ਼ਾ ਵਰਤਮਾਨ ਵਿਚ ਜਿਉਣਾ ਚਾਹੀਦਾ ਹੈ। ਜੋ ਬੀਤ ਗਿਆ ਉਸ ਨੇ ਮੁੜ ਨਹੀਂ ਆਉਣਾ। ਪਿਛਲੀਆਂ ਗਲਤੀਆਂ ਤੋਂ ਸਿਖਿਆ ਲੈ ਕੇ ਭੁਲਾ ਦੇਣਾ ਹੀ ਠੀਕ ਹੈ। ਜ਼ਮਾਨੇ ਦੇ ਹਾਲਾਤ ਜਾਂ ਜੀਵਨ ਦਾ ਘਟਨਾ-ਚੱਕਰ ਮਨੁੱਖ ਦੇ ਆਪਣੇ ਹੱਥ ਵਸ ਨਹੀਂ ਹੈ।

(2) ਆਸ਼ਾਵਾਦੀ ਦ੍ਰਿਸ਼ਟੀਕੋਣ : ਇਨਸਾਨ ਨੂੰ ਆਸ਼ਾਵਾਦੀ ਰਹਿੰਦਿਆਂ ਹੀਨ ਭਾਵਨਾ ਤੋਂ ਬੱਚਣ ਦੀ ਲੋੜ ਹੈ। ਈਸ਼ਵਰ ਨੇ ਹਰ ਵਿਅੱਕਤੀ ਨੂੰ ਕੋਈ ਨਾ ਕੋਈ ਗੁਣ ਜ਼ਰੂਰ ਦਿੱਤੇ ਹਨ। ਇਨਸਾਨ ਨੂੰ ਉਹਨਾਂ ਦੀ ਪਛਾਣ ਕਰ ਕੇ ਆਪਣੇ ਕਾਰਜ ਖੇਤਰ ਵਿਚ ਮੁਹਾਰਤ ਪ੍ਰਾਪਤ ਕਰਨੀ ਚਾਹੀਦੀ ਹੈ। ਆਪਣੇ ਹਿੱਸੇ ਆਏ ਗੁਣਾਂ ਦਾ ਪਰਗਟਾਵਾ ਕਰਕੇ ਦੂਜਿਆਂ ਦੇ ਬਰਾਬਰ ਹੋਇਆ ਜਾ ਸਕਦਾ ਹੈ।

(3) ਸੰਤੁਲਤ ਭੋਜਨ : ਅਨੀਂਦਰੇ ਨੂੰ ਦੂਰ ਕਰਨ ਲਈ ਸੰਤੁਲਤ ਭੋਜਣ ਖਾਣਾ ਬਹੁਤ ਜ਼ਰੂਰੀ ਹੈ। ਭਾਵ ਉਹ ਕੁੱਝ ਨਹੀਂ ਖਾਣਾ ਚਾਹੀਦਾ ਜੋ ਸਾਡੀ ਜੀਭ ਨੂੰ ਸੁਆਦ ਲਗਦਾ ਹੈ ਸਗੋਂ ਉਹ ਭੋਜਨ ਖਾਣਾ ਚਾਹੀਦਾ ਹੈ ਜੋ ਸਾਡੇ ਮਿਅਦੇ ਨੂੰ ਭਾਉਂਦਾ ਹੈ, ਭਾਵ ਜੋ ਪੌਸ਼ਟਕ ਅਤੇ ਸੌਖਾ ਹਜ਼ਮ ਹੋਣ ਵਾਲਾ ਹੈ। ਵਧੇਰੇ ਤੇਜ਼ ਚਾਹ ਜਾਂ ਕੌਫੀ, ਚਟਪਟੀਆਂ ਮਸਾਲੇਦਾਰ ਅਚਾਰ ਚੱਟਣੀਆਂ, ਸ਼ਰਾਬ, ਤੰਬਾਕੂ ਆਦਿ ਨਸ਼ੀਲੀਆਂ ਵਸਤਾਂ ਮਿਹਦੇ ਵਿਚ ਵਧੇਰੇ ਤੇਜ਼ਾਬੀ ਅੰਸ਼ ਪੈਦਾ ਕਰਦੀਆਂ ਹਨ ਜਿਸ ਦੇ ਸਿੱਟੇ ਵਜੋਂ ਹਾਜ਼ਮਾ ਖਰਾਬ ਹੋਣ ਨਾਲ ਨੀਂਦ ਘਟ ਜਾਂਦੀ ਹੈ।

(4) ਮਨ ਦੀ ਸ਼ਾਂਤੀ: ਨੀਂਦ ਲਿਆਉਣ ਲਈ ਰਾਤ ਨੂੰ ਬਿਸਤਰੇ ਵਿਚ ਜਾਣ ਤੋਂ ਪਹਿਲਾਂ ਆਪਣੇ ਵਿਚਾਰਾਂ ਦੀ ਲੜੀ ਸ਼ਾਂਤਮਈ ਅਤੇ ਖੁਸ਼ੀ ਵਾਲੇ ਵਾਤਾਵਰਨ ਵਲ ਮੋੜਨ ਦਾ ਯਤਨ ਕਰਨਾ ਚਾਹੀਦਾ ਹੈ। ਸ਼ਾਂਤਮਈ ਸਾਹਿਤ ਪੜ੍ਹਣਾ,ਆਪਣਾ ਮਨ ਭਾਉਂਦਾ ਮਧੁਰਮਧੁਰ ਸੰਗੀਤ ਸੁਣਨਾ ਵੀ ਲਾਭਕਾਰੀ ਸਿੱਧ ਹੁੰਦਾ ਹੈ। ਪ੍ਰਭੂ ਦੀਆਂ ਦਿੱਤੀਆਂ ਰਹਿਮਤਾਂ ਦਾ ਧੰਨਵਾਦ ਕਰਦਿਆਂ ਆਪਣੇ ਇਸ਼ਟ ਦਾ ਸਿਮਰਨ ਜਾਂ ਧਿਆਨ ਧਰਨਾ ਵੀ ਮਾਨਸਿਕ ਤਣਾਓ ਨੂੰ ਘਟਾਉਂਦਾ ਹੈ।

ਇਸ ਤਰਾਂ ਦਿਨ ਭਰ ਦੇ ਕੰਮਾਂ ਕਾਰਾਂ ਦੇ ਵਿਚਾਰਾਂ ਤੋਂ ਮਨ ਵਿਹਲਾ ਹੋ ਕੇ ਸਥਿਰ ਹੋਣ ਲਗਦਾ ਹੈ। ਮਨ ਦੀ ਇਕਾਗਰਤਾ ਅਤੇ ਟਿਕਾਓ ਨਾਲ ਨੀਂਦ ਆਉਣੀ ਸੰਭਵ ਹੋ ਜਾਂਦੀ ਹੈ। ਸੌਣ ਤੋਂ ਪਹਿਲਾਂ ਨਿੱਘੇ ਪਾਣੀ ਦਾ ਅਸ਼ਨਾਨ ਕਰਨਾ ਅਤੇ ਗਰਮ ਗਰਮ ਦੁੱਧ ਦਾ ਇਕ ਕੱਪ ਪੀਣਾ ਵੀ ਬਿਸਤਰੇ ਤੇ ਜਾਂਦਿਆਂ ਸਾਰ ਨੀਂਦ ਲਿਆਉਂਦਾ ਹੈ।

(5) ਜੇਕਰ ਉਦਾਸੀ-ਰੋਗ (Depression) ਕਾਰਨ ਨੀਂਦ ਨਹੀਂ ਆਉਂਦੀ ਤਾਂ ਡਾਕਟਰ ਤੋਂ ਦਵਾਈ ਲੈ ਕੇ ਇਹ ਰੋਗ ਨਿਵਾਰਨ ਦਾ ਯਤਨ ਕਰਨਾ ਚਾਹੀਦਾ ਹੈ। ਡਾਕਟਰੀ ਦਵਾਈ ਨਾਲ ਮਾਨਸਿਕ ਬੋਝ ਘਟ ਹੋਣ ਨਾਲ ਵੀ ਨੀਂਦ ਆਉਣੀ ਸ਼ੁਰੂ ਹੋ ਜਾਂਦੀ ਹੈ।

(6) ਹਲਕੀ ਕਸਰਤ: ਸਵੱਖਤੇ ਅੱਖ ਖੁਲ੍ਹਣ ਪਿਛੋਂ ਜਾਗਦਿਆਂ ਬਿਸਤਰੇ ਵਿਚ ਲੇਟੇ ਰਹਿਣ ਨਾਲੋਂ ਉਸ ਸਮੇਂ ਘਰੋਂ ਬਾਹਰ ਨਿਕਲ ਕੇ ਸੈਰ ਕਰਨੀ ਬਹੁਤ ਲਾਹੇਵੰਦ ਹੁੰਦੀ ਹੈ। ਜੇਕਰ ਬਹੁਤੀ ਬਾਰਸ਼ ਜਾਂ ਬਹੁਤੀ ਠੰਡ ਹੋਵੇ ਤਾਂ ਬਿਸਤਰੇ ਤੇ ਬੈਠ ਕੇ ਆਪਣੀ ਮਨ ਭਾਉਂਦੀ ਪੁਸਤਕ ਪੜ੍ਹਨੀ ਜਾਂ ਚਿੱਠੀਆਂ ਲਿਖਣ ਲਗ ਜਾਣਾ ਜਾਂ ਅਸ਼ਨਾਨ ਕਰਕੇ ਪਾਠ ਕਰਨ ਨਾਲ ਮਨ ਦੀ ਬੇਆਰਾਮੀ ਘਟਦੀ ਹੈ। ਸ਼ਾਮ ਨੂੰ ਵੀ ਅੱਧਾਪੌਣਾ ਘੰਟਾ ਮੌਸਮ ਅਨੁਸਾਰ ਖੁਲ੍ਹੀ ਹਵਾ ਵਿਚ ਪੈਦਲ ਸੈਰ, ਪਾਣੀ ਵਿਚ ਤਰਨਾ ਜਾਂ ਸਹਿਜੇ ਸਹਿਜੇ ਦੌੜਨ ਵਰਗੀਆਂ ਹਲਕੀਆਂ ਕਸਰਤਾਂ ਰਾਤ ਨੂੰ ਲੰਮੀ ਨੀਂਦ ਲਿਆਉਣ ਵਿਚ ਸਹਾਈ ਹੁੰਦੀਆਂ ਹਨ।

(7) ਪੀੜ ਜਾਂ ਦਰਦ ਨੂੰ ਦੂਰ ਕਰਨਾ: ਜੇਕਰ ਨੀਂਦ ਨਾ ਆਉਣ ਦਾ ਕਾਰਨ ਸਰੀਰ ਦੇ ਕਿਸੇ ਭਾਗ ਵਿਚ ਹੋ ਰਿਹਾ ਦਰਦ ਹੈ ਤਾਂ ਡਾਕਟਰ ਕੋਲ ਜਾ ਕੇ ਇਸ ਪੀੜ ਨੂੰ ਘਟਾਉਣ ਦੀ ਦਵਾਈ ਲੈਣੀ ਚਾਹੀਦੀ ਹੈ। ਨੀਂਦ ਲਿਆਉਣ ਵਾਲੀਆਂ ਗੋਲੀਆਂ ਦੀ ਵਰਤੋਂ ਡਾਕਟਰ ਦੀ ਸਲਾਹ ਤੋਂ ਬਿਨਾਂ ਬਿਲਕੁਲ ਨਹੀਂ ਕਰਨੀ ਚਾਹੀਦੀ। ਕਿਹੜੀ ਗੋਲੀ ਕਿੰਨੀ ਮਾਤਰਾ ਵਿਚ ਲੈਣੀ ਹੈ, ਇਸ ਬਾਰੇ ਡਾਕਟਰ ਹੀ ਠੀਕ ਜਾਣਕਾਰੀ ਦੇ ਸਕਦਾ ਹੈ। ਬਹੁਤੀ ਦੇਰ ਨੀਂਦ ਵਾਲੀਆਂ ਗੋਲੀਆਂ ਦੀ ਵਰਤੋਂ ਨਾਲ ਇਹਨਾਂ ਦੀ ਆਦਤ ਪੱਕ ਜਾਂਦੀ ਹੈ, ਜਿਸ ਤੋਂ ਛੁਟਕਾਰਾ ਪਾਉਣਾ ਅਸੰਭਵ ਹੋ ਜਾਂਦਾ ਹੈ।

(8) ਯੋਗਾ ਅਭਿਆਸ ਦੀ ਵਰਤੋਂ: ਯੋਗਾ ਅਭਿਆਸ ਵਾਲੇ ਮਨ ਨੂੰ ਇਕਾਗਰ ਕਰਨ ਲਈ ਸਮਾਧੀ ਲਾਉਣ ਦੀ ਸਲਾਹ ਦਿੰਦੇ ਹਨ। ਸ਼ਾਂਤ ਵਾਤਾਵਰਨ ਵਾਲੇ ਕਮਰੇ ਵਿਚ ਚੌਕੜੀ ਮਾਰ ਕੇ ਕੁੱਝ ਮਿੰਟਾਂ ਲਈ ਆਪਣੇ ਪ੍ਰਭੂ ਦਾ ਧਿਆਨ ਧਰਨ ਨਾਲ ਮਨ ਦੇ ਫੁਰਨੇ ਸ਼ਾਂਤ ਹੁੰਦੇ ਹਨ। ਆਪਣੇ ਸਵਾਸਾਂ ਵਲ ਧਿਆਨ ਮੋੜਨ ਅਤੇ ਨੱਕ ਦੀ ਸੇਧ ਉਪਰ

Cont'd Page 10

ਕੀ ਤੁਸੀਂ ਘਰ ਖਰੀਦ ਰਹੇ ਹੋ?

- Scotiabank ਤੁਹਾਡੀ ਸੇਵਾ ਵਿੱਚ 24 ਘੰਟੇ ਹਾਜ਼ਰ ਹੈ।
- ਘੱਟ ਤੋਂ ਘੱਟ ਰੇਟਾਂ ਤੇ ਮਾਰਗੇਜ਼, 5.00% ਡਾਊਨ ਦੇ ਕੇ ਵੀ ਘਰ ਲੈ ਸਕਦੇ ਹੋ।
- Appraisal ਫਰੀ ਹੋਵੇਗਾ। ਐਪਲੀਕੇਸ਼ਨ ਦੀ ਕੋਈ ਫੀਸ ਨਹੀਂ।
- ਕੁਆਲੀਫਾਈ ਕਰਨ ਤੇ ਕਰੈਡਿਟ ਲਾਈਨ ਵੀ ਦਿਤੀ ਜਾਵੇਗੀ।
- Compliments of the House ਫਰੀ ਗਿਫਟ ਪਰੋਗਰਾਮ ਬਾਰੇ ਪੁਛੋ।
- Value Account ਖੋਲਣ ਤੇ ਆਪ ਜੀ ਨੂੰ ਚੈਕ ਬੁਕਾਂ ਫਰੀ ਮਿਲਣਗੀਆਂ, ਬਿਲ ਬੱਤੀਆਂ ਬਿਨਾਂ ਫੀਸ ਦੇ ਸਕੋਗੇ, ਟਰੈਵਲਰ ਚੈਕ, ਸਰਟੀਫਾਇਡ ਚੈਕ ਅਤੇ ਮਨੀ-ਆਰਡਰ ਬਨਵਾਉਣ ਦਾ ਵੀ ਕੋਈ ਖਰਚਾ ਨਹੀਂ ਲਗੇਗਾ।
- ਗੋਲਡ ਵੀਸਾ (Gold Visa) ਦੀ ਸਲਾਨਾ ਫੀਸ ਜੋ ਕਿ 95 ਡਾਲਰ ਹੈ, ਵੀ ਮਾਫ ਕੀਤੀ ਜਾਵੇਗੀ।
- ਸੇਫਟੀ ਡੀਪੋਸਿਟ ਬੋਕਸ (Safety Deposit Box) ਵੀ ਮਿਲ ਸਕਦਾ ਹੈ।
- ਕੀ ਤੁਸੀਂ ਨਵੇਂ ਇਮਿਗਰੈਂਟ ਹੋ? 'Welcome to Canada' ਪਰੋਗਰਾਮ ਬਾਰੇ ਪੁਛੋ।

Happy New Year & Gurpurb Greetings to you and your loved ones!

ਨਵੇਂ ਸਾਲ ਤੇ ਦਸ਼ਮੇਸ਼ ਪਿਤਾ ਦੇ ਜਨਮਦਿਨ ਦੀ ਆਪ ਸਭ ਨੂੰ ਵਧਾਈ ਹੋਵੇ!

ਐਮ.ਪੀ. ਸਿੰਘ

ਸੈਲ: (604) 217 1717

ਫੈਕਸ: (604) 870-3570

Scotiabank THE BANK OF NOVA SCOTIA

Two law firms to serve you.

ਆਪ ਜੀ ਦੀ ਸੇਵਾ ਵਿਚ ਦੋ ਦਫਤਰ ਹਨ।

Happy New Year!!



Douglas MacAdams

MACADAMS LAW FIRM "WE DO LAWSUITS"	WILLS BY RESOLUTION LAW CORPORATION
ICBC CLAIMS ਆਈ.ਸੀ.ਬੀ.ਸੀ ਕਲੇਮ	WILLS ਵਸੀਅਤਨਾਮਾ
DEBT COLLECTIONS ਕਰਜ਼ਾ ਵਸੂਲ ਕਰਨਾ	POWERS OF ATTORNEY ਮੁਖਤਿਆਰਨਾਮਾ
BUSINESS DISPUTES ਕਾਰੋਬਾਰੀ ਮਸਲੇ	ADMINISTRATION OF ESTATES ਜਾਇਦਾਦ ਦੀ ਵਿਵਸਥਾ
EMPLOYMENT DISPUTES ਰੋਜ਼ਗਾਰੀ ਮਸਲੇ	DISPUTES REGARDING ESTATES ਜਾਇਦਾਦ ਦੇ ਮਸਲੇ
TEL: (604) 850-1675 FAX: (604) 850-1937	TEL: (604) 855-WILL (9455) FAX: (604) 870-9515

205 GLADWIN CENTRE II - 2975 GLADWIN ROAD - ABBOTSFORD, BC V2T 5T4

DOUGLAS MACADAMS adm@macadamslaw.com JOHN DORICIC jmd@macadamslaw.com BRUCE C. SCOTT bcs@macadamslaw.com

EURO

PLUMBING, LIGHTING & APPLIANCES LTD.

Wholesale Distributors of Plumbing, Lighting & Appliances

Best Wishes in The New Year!

ਨਵੇਂ ਸਾਲ ਦੀ ਬਹੁਤ ਬਹੁਤ ਵਧਾਈ

We Do Have Now:
90 Day - No Interest Pre Payment Plan

We also sell Vacuum Systems for your Whole House!



Abbotsford
TEL: (604) 855-9744 CELL: 506-7557
FAX: (604) 855-4616
31324 Peardonville Rd. Abbotsford, BC

Cont'd from Page 9

ਵੱਲ ਦੋਹਾਂ ਭਰਵਟਿਆਂ ਵਿਚਾਲੇ ਆਪਣੀ ਸੋਚ ਕੇਂਦਰਤ ਕਰਨ ਨਾਲ ਮਨ ਟਿਕਣ ਲਗ ਜਾਂਦਾ ਹੈ। ਨੌਜਵਾਨਾਂ ਨੂੰ ਸੀਸ ਆਸਣ (ਕੰਧ ਨਾਲ ਲਗ ਕੇ ਲੱਤਾਂ ਉਪਰ ਅਤੇ ਸਿਰ ਥੱਲੇ ਕਰਨਾ ਭਾਵ ਸਿਰ ਤੇ ਖੜੇ ਹੋ ਜਾਣਾ) ਵਡੀ ਉਮਰ ਵਾਲਿਆਂ ਨੂੰ ਅਰਧ ਸੀਸ ਆਸਣ (ਭਾਵ ਮੰਜੇ ਦੀ ਪੈਂਦ ਉਚੀ ਕਰਕੇ ਸਿਰ ਹੇਠੋਂ ਸਰਹਾਣਾ ਕਢਕੇ ਕੁੱਝ ਦੇਰ ਲੇਟਣਾ) ਕਰਨ ਨਾਲ ਸਰੀਰ ਦਾ ਲਹੂ ਦਿਮਾਗ ਵਲ ਆਉਂਦਾ ਹੈ। ਦਿਮਾਗ ਤਾਜ਼ਾ ਹੋ ਜਾਂਦਾ ਹੈ ਅਤੇ ਨੀਂਦ ਆਉਣ ਲਗ ਜਾਂਦੀ

ਹੈ। ਪਹਿਲਾਂ ਪਹਿਲਾਂ ਇਸ ਅਭਿਆਸ ਵਿਚ ਸਫਲਤਾ ਨਹੀਂ ਮਿਲਦੀ, ਪਰ ਯਤਨ ਕੀਤਿਆਂ ਜ਼ਰੂਰ ਸਫਲ ਹੋ ਜਾਈਦਾ ਹੈ। ਨੀਂਦ ਲਿਆਉਣ ਲਈ ਇਹ ਅਭਿਆਸ ਬਹੁਤ ਕਾਰਗਰ ਸਾਬਤ ਹੁੰਦੇ ਹਨ।

(9) <u>ਵੱਤ ਦੋਸ਼ ਨੂੰ ਖਾਰਜ ਕਰਨਾ:</u> ਅਯੁਰਵੈਦਿਕ ਚਕਿਤਸਾ ਵਲਿਆਂ ਦਾ ਮੱਤ ਹੈ ਕਿ ਮਨੁੱਖੀ ਸਰੀਰ ਨੂੰ ਤੰਦਰੁਸਤ ਰੱਖਣ ਲਈ ਇਸ ਵਿਚ ਵੱਤ,ਪਿੱਤ ਅਤੇ ਕੱਫ ਦਾ ਸਮਾਨ ਹੋਣਾ ਅਤੀ ਜ਼ਰੂਰੀ ਹੈ। ਕਿਸੇ ਕਾਰਨ ਇਹ ਸੰਤੁਲਣ ਵਿਗੜ ਜਾਣ ਤੇ ਸਰੀਰ ਵਿਚ ਵਿਗਾੜ ਪੈਦਾ ਹੁੰਦਾ ਹੈ। ਸਰੀਰ ਵਿਚ ਵੱਤ ਦੋਸ਼ ਦਾ ਵਾਧਾ ਹੋਣ ਤੇ ਨੀਂਦਰ ਅਵਸਥਾ ਵਿਚ ਗੜਬੜ ਹੋ ਜਾਂਦੀ ਹੈ। ਪੈਰ ਦੀਆਂ ਉਂਗਲੀਆਂ ਤੋਂ ਸ਼ੁਰੂ ਕਰ ਕੇ, ਗਿੱਟੇ, ਪਿੰਜਣੀਆਂ, ਗੋਡੇ, ਪੱਟ, ਲੱਕ ਆਦਿ ਗਿਣਦੇ ਸਿਰ ਵਲ ਜਾਂਦਿਆਂ ਸਰੀਰ ਨੂੰ ਪੂਰਨ ਵਿਸ਼ਰਾਮ ਸਥਿੱਤੀ ਵਿਚ ਲਿਆਉਣ ਨਾਲ ਵਧਿਆ ਹੋਇਆ ਵੱਤ ਦੋਸ਼ ਖਾਰਜ ਹੁੰਦਾ ਹੈ ਜਿਸ ਨਾਲ ਨੀਂਦ ਆਉਣ ਲਗ ਜਾਂਦੀ ਹੈ।

(10) <u>ਸੁਆਸ-ਰੋਧ ਜਾਂ ਸਾਹ ਰੁਕਣਾ।(Sleep Apnea)</u>: ਰਾਤ ਨੂੰ ਸਿੱਧੇ ਲੇਟੇ ਹੋਣ ਕਰਕੇ ਕਈ ਵਾਰੀ ਜ਼ਬਾਨ ਤਾਲੂ ਨਾਲ ਲਗਣ ਕਰਕੇ ਸਾਹ ਵਾਲਾ ਰਸਤਾ ਬੰਦ ਹੋ ਜਾਂਦਾ ਹੈ ਜਿਸ ਨਾਲ ਸੁਤੇ ਹੋਏ ਵਿਅੱਕਤੀ ਨੂੰ ਇਕ ਦਮ ਜਾਗ ਆ ਜਾਂਦੀ ਹੈ। ਜਿਸ ਵਿਅੱਕਤੀ ਨੂੰ ਨੀਂਦ ਵਿਚ ਘੁਰਾੜੇ ਮਾਰਨ ਦੀ ਆਦਤ ਹੋਵੇ ਜਾਂ ਮੁਟਾਪੇ ਕਾਰਨ ਵੀ ਇਸ ਤਰਾਂ ਵਾਪਰਦਾ ਹੈ। ਸਾਹ ਬੰਦ ਹੋਣ ਨਾਲ ਜਦੋਂ ਦਿਲ ਅਤੇ ਦਿਮਾਗ ਨੂੰ ਆਕਸੀਜਨ ਨਹੀਂ ਮਿਲਦੀ ਤਾਂ ਸਟਰੋਕ ਜਾਂ ਦਿਲ ਫੇਲ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ।

ਅਜਿਹੇ ਵਿਅੱਕਤੀਆਂ ਨੂੰ ਡਾਕਟਰ ਪਾਸੇ ਪਰਨੇ ਪੈਣ ਦੀ ਸਲਾਹ ਦਿੰਦੇ ਹਨ ਤਾਕਿ ਬਾਰ ਬਾਰ ਜਾਗ ਆ ਕੇ ਨੀਂਦ ਵਿਚ ਵਿਘਨ ਨਾ ਪਵੇ। ਸੌਣ ਲਗਿਆਂ ਬਣਾਵਟੀ ਦੰਦ ਲਾਹ ਲੈਣੇ ਚਾਹੀਦੇ ਹਨ ਮਤੇ ਸੁਤਿਆਂ ਇਹ ਆਪਣੇ ਆਪ ਲਹਿ ਕੇ ਕਿਤੇ ਗਲ ਵਿਚ ਨਾ ਫਸ ਜਾਣ।

(11) ਜੇਕਰ ਕਿਸੇ ਕਾਰਨ ਰਾਤ ਨੂੰ ਪੂਰੀ ਨੀਂਦ ਨਹੀਂ ਆਈ ਤਾਂ ਦਿਨੇ ਸੌਣ ਦਾ ਯਤਨ ਨਹੀਂ ਕਰਨਾ ਚਾਹੀਦਾ। ਦੂਜੀ ਰਾਤ ਪੂਰੀ ਨੀਂਦ ਆ ਕੇ ਘਾਟਾ ਪੂਰਾ ਹੋ ਜਾਂਦਾ ਹੈ। ਨੀਂਦ ਲਿਆਉਣ ਲਈ ਸ਼ਰਾਬ ਜਾਂ ਕਿਸੇ ਹੋਰ ਨਸ਼ੇ ਦੀ ਵਰਤੋਂ ਕਦੇ ਵੀ ਨਹੀਂ ਕਰਨੀ ਚਾਹੀਦੀ। ਨਸ਼ੇ ਵਿਚ ਨੀਂਦ ਆ ਕੇ ਛੇਤੀ ਜਾਗ ਖੁਲ੍ਹ ਜਾਂਦੀ ਹੈ ਫਿਰ ਤੋੜ ਲਗਣ ਨਾਲ ਨੀਂਦ ਨਹੀਂ ਆਉਂਦੀ। ਬਹੁਤ ਸਵਖਤੇ ਜਾਗ ਆ ਕੇ ਜੇਕਰ ਫਿਰ ਨੀਂਦ ਨਾ ਆਵੇ ਤਾਂ ਬਾਰ ਬਾਰ ਘੜੀ ਬਿਲਕੁਲ ਨਹੀਂ ਵੇਖਣੀ ਚਾਹੀਦੀ। ਬਿਸਤਰੇ ਤੇ ਨਿਸੱਲ ਪਿਆਂ ਕਈ ਵਾਰੀ ਮਨ ਵਿਚ ਇਕ ਦੋ ਤੋਂ ਗਿਣਤੀ ਸ਼ੁਰੂ ਕਰ ਕੇ ਸੌ ਤੱਕ ਗਿਣਦਿਆਂ ਗਿਣਦਿਆਂ ਨੀਂਦ ਆ ਜਾਂਦੀ ਹੈ।

ਸਾਡੇ ਬੱਚੇ....ਸਾਡਾ ਭਵਿੱਖ



1998 ਬਜ਼ਟ ਅਧੀਨ - ਗੋਰਮਿੰਟ ਗ੍ਰਾਂਟ

ਸਰਕਾਰ ਵਲੋਂ ਆਰ.ਈ.ਐਸ.ਪੀ (R.E.S.P)'ਚ ਬੱਚਿਆਂ ਲਈ ਜਮ੍ਹਾਂ ਕੀਤੇ ਪੈਸਿਆਂ ਤੇ $400 ਦੀ ਸਲਾਨਾ ਸਹਾਇਤਾ ਗੋਰਮਿੰਟ ਗ੍ਰਾਂਟ ਕਿਵੇਂ ਲਈ ਜਾ ਸਕਦੀ ਹੈ।

* ਆਪਣੇ ਬੱਚੇ ਲਈ ਹੈਰੀਟੇਜ ਸਕਾਲਰਸ਼ਿਪ ਪਲਾਨ (H.S.T.P) ਵਿੱਚ $2000 ਸਲਾਨਾ ਜਾਂ $166.66 ਪ੍ਰਤਿ ਮਹੀਨਾ ਰੱਖੋ ਅਤੇ $400.00 ਸਲਾਨਾ ਗੋਰਮਿੰਟ ਗ੍ਰਾਂਟ ਲਵੋ।
* ਇਸ $400 ਸਲਾਨਾ ਨਾਲ ਕੇਂਦਰੀ ਸਰਕਾਰ ਵਲੋਂ 18 ਸਾਲਾਂ ਵਿੱਚ $7200 ਗ੍ਰਾਂਟ ਲਵੋ ਅਤੇ H.S.T.P ਵੱਲੋਂ 8.5% ਲਗਭਗ ਕਮਪਾਊਂਡ ਵਿਆਜ ਜਿਸ ਨਾਲ ਇਹ ਰਕਮ $17600 ਦੇ ਲਗਭਗ ਬਣ ਜਾਂਦੀ ਹੈ, ਜੋ ਟੈਕਸ ਫ੍ਰੀ ਪ੍ਰਾਪਤ ਕਰ ਸਕਦੇ ਹੋ।
* ਜੇ ਬੱਚਾ ਉਚ ਵਿੱਦਿਆ ਲਈ ਨਾ ਵੀ ਜਾਵੇ ਤਾਂ ਆਪਣੀ ਜਮ੍ਹਾਂ ਹੋਈ ਰਕਮ, ਮਾਤਾ ਪਿਤਾ ਗੁੰਜਾਇਸ਼ ਅਨੁਸਾਰ ਆਪਣੀ ਆਰ.ਆਰ. ਐਸ.ਪੀ (R.R.S.P)ਵਿਚ ਬਦਲ ਸਕਦੇ ਹਨ।
* ਹੈਰੀਟੇਜ ਸਕਾਲਰਸ਼ਿਪ ਪਲਾਨ, ਲਾਭ ਰਹਿਤ ਸੰਸਥਾ ਹੈ (Non Profit Foundation) ਅਤੇ ਅੰਤਰ ਰਾਸ਼ਟਰੀ ਪੱਧਰ ਤੇ ਕੰਮ ਕਰਦੀ ਹੈ।
* ਤੁਸੀਂ ਪਲਾਨ ਇੱਕ ਸਾਲ ਤੋਂ ਘੱਟ ਉਮਰ ਦੇ ਬੱਚੇ ਲਈ ਘੱਟੋ ਘੱਟ $9.00 ਪ੍ਰਤਿ ਮਹੀਨਾ ਨਾਲ ਸ਼ੁਰੂ ਕਰ ਸਕਦੇ ਹੋ।

ਉਦਾਹਰਣ:

ਪਲਾਨ	ਸਲਾਨਾ	ਗੋਰਮਿੰਟ ਗ੍ਰਾਂਟ ਉਤੇ
RESP/HSTP ਵਿੱਚ ਤੁਹਾਡੀ ਸਲਾਨਾ ਬੱਚਤ	ਸਲਾਨਾ ਗੋਰਮਿੰਟ ਗ੍ਰਾਂਟ ਵਲੋਂ 8.5% ਸਲਾਨਾ Annual Govt. Grant	Tax Free Comp. Int.
Max: $2000.00	Max: $400.00 X 18	$7200

H.S.T.P ਅਤੇ R.E.S.P ਬਾਰੇ ਹੋਰ ਜਾਣਕਾਰੀ ਲਈ ਫੋਨ ਕਰੋ ਜਾਂ ਮਿਲੋ:

ਅਜੀਤ ਸਿੰਘ ਅਨੰਦ, ਐਬਟਸਫੋਰਡ

Associate Enrolment Director, Heritage Scholarship Trust Plan

Tel: 855-6537 Off: 853-6638
Cell: 807-4978 Fax: 853-6692

ਗੁਰੂ ਗੋਬਿੰਦ ਸਿੰਘ ਜੀ

ਪਰਤਾਪ ਸਿੰਘ ਕੈਲੇ, ਐਬਟਸਫੋਰਡ, ਬੀ.ਸੀ



ਗੁਰੂ ਗੋਬਿੰਦ ਸਿੰਘ ਜੀ ਇਕ ਨਿਪੁੰਨ ਯੋਧਾ, ਨਿਧੜਕ ਜਰਨੈਲ, ਦਲਿਤਾਂ ਦਾ ਰਾਖਾ, ਮਹਾਨ ਕਵੀ, ਮਹਾਨ ਚਿੰਤਕ, ਕਲਮ ਤੇ ਤਲਵਾਰ ਦਾ ਧਨੀ ਤੇ ਹਰ ਮੈਦਾਨ ਦਾ ਸ਼ਾਹ ਸਵਾਰ ਸੀ। ਆਮ ਕਰਕੇ ਉਨ੍ਹਾਂ ਨੂੰ ਕਲਗੀਆਂ ਵਾਲਾ, ਬਾਜਾਂ ਵਾਲਾ, ਨੀਲੇ ਦਾ ਸ਼ਾਹ ਸਵਾਰ, ਮਰਦ ਅਗੰਮੜਾ ਜਾਂ ਆਪੇ ਗੁਰ ਚੇਲਾ ਦੇ ਨਾਵਾਂ ਨਾਲ ਯਾਦ ਕੀਤਾ ਜਾਸਾ ਹੈ। ਇਨ੍ਹਾਂ ਦੇ ਪਿਤਾ ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਰਿਆਸਤ ਕਹਿਲੂਰ ਦ ਇਕ ਪਿੰਡ ਮਾਖੋਵਾਲ ਦੀ ਜ਼ਮੀਨ ਮੁਲ ਲੈ ਕੇ ਨਗਰ ਅਨੰਦਪੁਰ ਵਸਾਇਆ ਸੀ। ਸੰਨ 1665 ਨੂੰ ਗੁਰੂ ਤੇਗ ਬਹਾਦਰ ਜੀ ਆਪਣੀ ਮਾਤਾ ਅਤੇ ਆਪਣੇ ਮਹਲ ਗੁਜਰੀ ਨਾਲ ਪੂਰਬ ਦੀ ਲੰਮੀ ਯਾਤਰਾ ਲਈ ਆਨੰਦਪੁਰ ਛਡਿਆ। ਮੂਲੋਵਾਲ ਹੁੰਦੇ ਏ ਸਾਬੋਕੀ ਤਲਵੰਡੀ ਆਰਾਮ ਕੀਤਾ। ਜਿਸ ਕਰਕੇ ਇਸ ਦਾ ਨਾਂ ਦਮਦਮਾ ਸਾਹਿਬ ਪੈ ਗਿਆ। ਇਥੋਂ ਕੈਥਲ, ਕੁਰਕਸ਼ੇਤ, ਆਗਰਾ, ਬਨਾਰਸ ਹੁੰਦੇ ਹੋਏ ਪਟਨੇ ਪਹੁੰਚੇ। ਇੱਥੇ ਗੁਰੂ ਤੇਗ ਬਹਾਦਰ ਜੀ ਥਕੇਵੇਂ ਕਾਰਨ ਆਪਣੇ ਮਾਤਾ ਜੀ ਤੇ ਮਹਲ ਗੁਜਰੀ ਜੀ ਨੂੰ ਆਪਣੇ ਸਾਲੇ ਕਿਰਪਾਲ ਚੰਦ ਨੂੰ ਇਨਾਂ ਦੀ ਦੇਖ ਭਾਲ ਲਈ ਛੱਡ ਕੇ ਆਪ ਅੱਗੇ ਆਸਾਮ ਵਲ ਚਲੇ ਗਏ। ਇਥੇ ਹੀ ਬਾਲਕ ਗੋਬਿੰਦ ਰਾਏ ਦਾ ਜਨਮ 22 ਦਸੰਬਰ 1666 ਈ. ਨੂੰ ਹੋਇਆ। ਇਹ ਨਾਂ ਗੁਰੂ ਜੀ ਦੀ ਪਹਿਲਾਂ ਦੱਸੀ ਇੱਛਾ ਅਨੁਸਾਰ ਰੱਖਿਆ ਗਿਆ। ਗੁਰੂ ਤੇਗ ਬਹਾਦਰ ਜੀ ਨੂੰ ਇਨ੍ਹਾਂ ਦੇ ਜਨਮ ਦੀ ਖਬਰ ਢਾਕੇ ਪੁਚਾਈ ਗਈ। ਇਨ੍ਹਾਂ ਨੇ ਪਟਨੇ ਆਕੇ ਜਦੋਂ ਆਪਣੇ ਪੁਤਰ ਦੇ ਦਰਸ਼ਨ ਕੀਤੇ ਉਦੋਂ ਗੋਬਿੰਦ ਰਾਏ 3 ਸਾਲ 6 ਮਹੀਨੇ ਦੇ ਸਨ। ਪਟਨੇ ਹੀ 5-6 ਸਾਲ ਦੀ ਆਯੂ ਤਕ ਰਹਿ ਕੇ ਕਈ ਕੌਤਕ ਰਚੇ। ਇੱਥੇ ਹੀ ਆਪਣੇ ਬਾਲਕ ਸਾਥੀਆਂ ਨਾਲ ਦੋ ਟੋਲੇ ਬਣਾ ਆਪਸੀ ਯੁੱਧ ਨੀਤੀ ਦਾ ਅਭਿਆਸ ਕੀਤਾ ਜੋ ਆਉਣ ਵਾਲੀਆਂ ਜ਼ੁਲਮ ਵਿਰੁਧ ਕੀਤੀਆਂ ਲੜਾਈਆਂ ਦਾ ਸੰਕੇਤ ਸਨ। ਗੁਰੂ ਤੇਗ ਬਹਾਦਰ ਜੀ ਆਪ ਪਹਿਲਾਂ ਪੰਜਾਬ ਦੇ ਸਿੱਖਾਂ ਦੀ ਦੇਖ ਰੇਖ ਲਈ ਪੰਜਾਬ ਪਹੁੰਚ ਚੁਕੇ ਸਨ। ਇਥੋਂ ਪ੍ਰੀਵਾਰ ਨੂੰ ਆਨੰਦਪੁਰ ਆਉਣ ਲਈ ਸੁਨੇਹਾ ਭੇਜਿਆ। 22 ਫਰਵਰੀ 1672 ਈ. ਨੂੰ ਪ੍ਰੀਵਾਰ ਨੇ ਪਟਨੇ ਤੋਂ ਆਨੰਦਪੁਰ ਵਲ ਚਾਲੇ ਪਾ ਦਿਤੇ। ਅਜ ਕਲ ਪਟਨੇ ਨੂੰ ਅਕਾਲ ਤਖਤ ਤੋਂ ਬਾਅਦ ਦੂਜਾ ਤਖਤ ਹੋਣ ਦਾ ਮਾਣ ਪ੍ਰਾਪਤ ਹੈ। ਪ੍ਰੀਵਾਰ ਦਾਨਾਪੁਰ, ਹਾਂਡੀ, ਬਨਾਰਸ, ਯੁੱਧਿਆ, ਆਗਰਾ, ਲਖਨੋਰ, ਘੁੜਾਮ, ਰੋਪੜ, ਕੀਰਤਪੁਰ ਹੁੰਦੇ ਹੋਏ ਆਨੰਦਪੁਰ ਪਹੁੰਚਿਆ। ਗੁਰੂ ਜੀ ਨੇ ਇਥੇ ਫਾਰਸੀ, ਸੰਸਕ੍ਰਿਤ ਦੀ ਵਿੱਦਿਆ ਪ੍ਰਾਪਤ ਕੀਤੀ। ਸ਼ਿਕਾਰ ਖੇਡਣਾ, ਘੋੜ ਸਵਾਰੀ ਤੇ ਸ਼ਸ਼ਤਰ ਵਿੱਦਿਆ ਵਿੱਚ ਵੀ ਨਿਪੁੰਨਤਾ ਪ੍ਰਾਪਤ ਕੀਤੀ। ਕਸ਼ਮੀਰੀ ਪੰਡਤਾਂ ਦੀ ਪੁਕਾਰ ਤੇ ਪਿਤਾ ਗੁਰੂ ਤੇਗ ਬਹਾਦੁਰ ਜੀ ਨੂੰ ਸ਼ਹਾਦਤ ਲਈ ਦਿਲੀ ਭੇਜਿਆ। ਉਸ ਸਮੇਂ ਆਪ ਦੀ ਆਯੂ 8 ਸਾਲ 6 ਮਹੀਨੇ ਤੇ ਸ਼ਹਾਦਤ ਸਮੇਂ 9 ਸਾਲ ਸੀ। ਪਿਤਾ ਜੀ ਦੀ ਸ਼ਹਾਦਤ ਪਿਛੋਂ ਗੁਰ ਗੱਦੀ ਦੀ ਰਸਮ 29 ਮਾਰਚ, 1676 ਨੂੰ ਬਾਬਾ ਬੁਢਾ ਜੀ ਦੇ ਪੁਤਰ ਭਾਈ ਰਾਮ ਜੀ ਨੇ ਕੀਤੀ। ਗੁਰੂ ਜੀ ਪੰਜ ਸਿੰਘਾਂ ਨੂੰ ਗੇਰੂ ਰੰਗੇ ਕਪੜੇ ਪੁਆ ਕੇ ਸੰਸਕ੍ਰਿਤ ਦੀ ਪੜਾਈ ਲਈ ਬਨਾਰਸ ਭੇਜਿਆ ਵਾਪਸ ਆਕੇ ਉਨ੍ਹਾਂ ਹੋਰ ਸਿੰਘਾਂ ਨੂੰ ਸਿੱਖਿਆ ਦਿਤੀ। ਪਿਛੋਂ ਜਾ ਕੇ ਗੁਰੂ ਜੀ ਦੇ ਦਰਬਾਰ ਵਿੱਚ 52 ਕਵੀ ਸਨ। ਜਿਨਾਂ ਵਿਚੋਂ ਭਾਈ ਮਨੀ ਸਿੰਘ ਬਹੁਤ ਵਿਦਵਾਨ ਸਨ। ਭਾਈ ਨੰਦ ਲਾਲ ਜੀ ਹਿੰਦੂ ਤੇ ਮੁਸਲਮਾਨਾਂ ਵਿਚੋਂ ਆਲਮ ਹੁਸੈਨ ਤੇ ਜ਼ਮਾਲ ਦੇ ਨਾਂ ਪ੍ਰਸਿਧ ਹਨ। 16 ਸਾਲ ਦੀ ਆਯੂ ਵਿਚ ਗੁਰੂ ਜੀ ਨੇ ਰਣਜੀਤ ਨਗਾਰਾ ਬਣਵਾਇਆ। ਜੋ ਕਿਲਾ ਅਨੰਦਗੜ੍ਹ ਵਿਚ ਰਖਿਆ ਗਿਆ, ਜੋ ਸ਼ਿਕਾਰ ਖੇਡਣ ਜਾਣ ਤੇ ਵਾਪਸੀ ਸਮੇਂ ਜਾਂ ਕਿਸੇ ਸੰਕਟ ਸਮੇਂ ਬਜਾਇਆ ਜਾਂਦਾ ਸੀ।

ਇਹ ਉਹ ਸਮਾਂ ਸੀ ਜਦੋਂ ਮੁਸਲਮਾਨ ਬ੍ਰਾਹਮਣ ਤੇ ਖਤਰੀ ਇਕ ਬਹੁਤ ਵੱਡੇ ਸ਼ੂਦਰ ਵਰਗ ਨਾਲ ਵਿਤਕਰਾ ਕਰ ਰਹੇ ਸਨ। ਦਲਿਤਾਂ ਅੰਦਰ ਬਲ, ਸਾਹਸ ਤੇ ਸੋਚ ਖਤਮ ਹੁੰਦੀ ਜਾ ਰਹੀ ਸੀ। ਉਹ ਰੋਟੀ ਰੋਜ਼ੀ ਲਈ ਨੀਵੇਂ ਕੰਮ ਕਰਨ ਲਈ ਮਜਬੂਰ ਸਨ। ਗੁਰੂ ਜੀ ਨੇ ਨਿਤਾਣਿਆਂ ਦੀ ਬਾਂਹ ਫੜੀ। ਲੰਗਰ ਪ੍ਰਥਾ ਨੂੰ ਹੋਰ ਤਕੜਾ ਕੀਤਾ। ਊਚਨੀਚ ਸਭ ਨੂੰ ਇਕ ਥਾਂ ਬਿਠਾ ਕੇ ਸਮਾਨਤਾ ਦੇ ਸਿਧਾਂਤ ਨੂੰ ਮਜਬੂਰ ਕੀਤਾ। ਖੂਹ, ਬੋਲੀਆਂ, ਬਣਵਾ ਕੇ ਸਭ ਨੂੰ ਇਕ ਥਾਂ ਇੱਕਠੇ ਇਸ਼ਨਾਨ ਕਰਨ ਲਈ ਪ੍ਰੇਰਿਆ। ਗੁਰੂ ਜੀ ਦੀ 'ਸੱਚਾ ਪਾਤਸ਼ਾਹ' ਦੀ ਪ੍ਰਸਿੱਧੀ ਵੱਧ ਰਹੀ ਸੀ। ਚਾਰ ਪੁੱਤਰਾਂ ਵਿਚੋਂ ਦੋ ਪੁੱਤਰ ਗੁਰੂ ਜੀ ਦੀ ਫੌਜ ਵਿੱਚ ਭਰਤੀ ਕਰਨ ਦਾ ਰੁਝਾਨ ਵੱਧ ਰਿਹਾ ਸੀ।

ਉਪ੍ਰੋਕਤ ਕਾਰਨਾ ਕਰਕੇ ਗੁਰੂ ਜੀ ਦੀ ਪ੍ਰਸਿਧੀ ਵਧਦੀ ਗਈ। ਇਹੋ ਕਾਰਨ ਸੀ ਕਿ ਪਹਾੜੀ ਰਾਜਿਆਂ ਅਤੇ ਮੁਗਲ ਸਲਤਨਤ ਦੀ ਇਨ੍ਹਾਂ ਨਾਲ ਈਰਖਾ ਵਧਦੀ ਗਈ। ਜਿਸ ਦੇ ਫਲਸਰੂਪ ਆਨੰਦਪੁਰ ਦੀਆਂ ਲੜਾਈਆਂ ਦਾ ਸਿਲਸਲਾ ਸ਼ੁਰੂ ਹੋਇਆ। ਸੰਨ 1699 ਦੀ ਵੈਸਾਖੀ ਵਾਲੇ ਦਿਨ ਆਨੰਦਪੁਰ ਸਾਹਿਬ ਵਿਖੇ ਭਾਰੀ ਇਕੱਠ ਕਰਕੇ ਪੰਜ ਪਿਆਰਿਆਂ ਨੂੰ ਇਕੋ ਬਾਟੇ ਦਾ ਅਮ੍ਰਿਤ ਛਕਾ ਕੇ ਨਾਈ, ਝਿਊਰ, ਛੀਂਬੇ ਅਰਥਾਤ ਲਿਤਾੜੇ ਜਾ ਰਹੇ ਵਰਗ ਨੂੰ ਸ਼ਕਤੀ ਬਖਸ਼ੀ। ਚਿੜੀਆਂ ਨੂੰ ਬਾਜਾਂ ਨਾਲ ਲੜਾਉਣ ਤੇ ਇੱਕਲੇ ਨੂੰ ਸਵਾ ਲੱਖ ਨਾਲ ਲੜਨ ਦਾ ਜੋਸ਼ ਭਰਿਆ ਫਿਰ ਪੰਜ ਪਿਆਰਿਆਂ ਤੋਂ ਆਪ ਅਮ੍ਰਿਤ ਛਕ ਕੇ 'ਵਾਹੁ ਵਾਹੁ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ' ਦੀ ਵਡਿਆਈ ਪ੍ਰਾਪਤ ਕੀਤੀ। ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣੇ।

